
ISSN 0972-2335

# ਅੰਮ੍ਰਿਤ ਕੀਰਤਨ



ਪ੍ਰਗਟ ਭਈ ਸਗਲੇ ਜੁਗ ਅੰਤਰਿ ਗੁਰ ਨਾਨਕ ਕੀ ਵਡਿਆਈ

ਆਨਰੇਰੀ ਸੰਪਾਦਕ
ਡਾ. ਜਾਗੀਰ ਸਿੰਘ

ਨਵੰਬਰ 2021

ਮੁੱਲ 15/-



## ਛਨੀਛਰਵਾਰ (ਸ਼ਨੀਵਾਰ)
## (ਭਾਗ –2)

ਆਪ–ਹੁਦਰ ਵਿਚ ਔਕੜਾਂ ਪੈਂਦੀਆਂ ਨੇ,
ਚੰਗੇ ਮਸ਼ਵਰੇ ਨਾਲ
ਨਿਭਾਈਦਾ ਏ ।
ਇਕ ਸਾਹਮਣੇ ਵਰਤਣ ਮਿਲਾਪ ਅੰਦਰ,
ਦੂਜੀ ਸਿਖਿਆ ਨਾਲ
ਸਿਖਾਈਦਾ ਏ ।
ਇਹ ਕਹਿਣਾ ਪੁਰਾਤਨ ਕਾਲ ਦਾ ਏ,
ਦੋਸ਼ ਵੀਰ ਦਾ ਨਹੀਂ ਭਰਜਾਈ
ਦਾ ਏ ।
ਤੁਸਾਂ ਭਾਈ ਹੋ ਮਿੱਠੇ ਪਿਆਰ ਵਾਲੇ,
ਕੰਮ ਕਾਰ ਵਿਚ ਹਿੱਸਾ
ਲਿਖਾਈਦਾ ਏ ।
ਬਿਨ ਮਸ਼ਵਰੇ ਕੋਈ ਨ ਕੰਮ ਕਰੀਏ,

## छनीछरवार (शनिवार)
## (भाग – 2)

आप–हुदर विच औकड़ां पैदीयां ने,
चंगे मश्वरे नाल निभाईदा
ए ।
इक साहमणे वरतण मिलाप अन्दर,
दूजी सिखिया नाल
सिखाईदा ए ।
इह कहणा पुरातन काल दा ए,
दोष वीर दा नहीं भरजाई
दा ए ।
तुसां भाई हो मिठे प्यार वाले,
कम कार विच हिस्सा
लिखाईदा ए ।
बिन मश्वरे कोई न कम करिये,

# ਅੰਮ੍ਰਿਤ ਕੀਰਤਨ

ਸੰਪਾਦਕ (ਆਨਰੇਰੀ)
**ਡਾ. ਜਾਗੀਰ ਸਿੰਘ**
ਐਮ.ਏ. (ਸੰਗੀਤ, ਪੰਜਾਬੀ, ਧਾਰਮਿਕ ਅਧਿਐਨ), ਪੀਐਚ. ਡੀ

ਸਹਿਯੋਗੀ
ਸ. ਹਰਭਜਨ ਸਿੰਘ ਅਤੇ ਸ. ਨਵਤੇਜ ਸਿੰਘ


- ਲੇਖਾਂ ਵਿੱਚ ਪ੍ਰਗਟਾਏ ਵਿਚਾਰ ਲੇਖਕਾਂ ਦੇ ਨਿੱਜੀ ਹਨ। ਇਨ੍ਹਾਂ ਨਾਲ ਸੰਪਾਦਕ ਜਾਂ ਅੰਮ੍ਰਿਤ ਕੀਰਤਨ ਟ੍ਰਸਟ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।
- 'ਅੰਮ੍ਰਿਤ ਕੀਰਤਨ' ਡਾਇਰੈਕਟਰ ਸਿੱਖਿਆ ਵਿਭਾਗ ਪੰਜਾਬ, ਚੰਡੀਗੜ੍ਹ ਦੇ ਪੱਤਰ ਨੰ: ੪/੮/੯੦ ਮਿਤੀ ੨੦/੨/੯੧ ਅਨੁਸਾਰ ਰਾਜ ਦੇ ਸੀਨੀਅਰ ਸੈਕੰਡਰੀ ਸਕੂਲਾਂ ਦੀਆਂ ਲਾਇਬ੍ਰੇਰੀਆਂ ਲਈ ਪ੍ਰਵਾਨਿਤ ਹੈ।

### ਚੰਦੇ ਦਾ ਵੇਰਵਾ

- ਦੇਸ਼: ਇਕ ਕਾਪੀ :15 ਰੁਪਏ
- ਦੇਸ਼ ਸਾਲਾਨਾ ਚੰਦਾ : 150 ਰੁਪਏ
- ਜੀਵਨ ਮੈਂਬਰ ਚੰਦਾ: 1500 ਰੁਪਏ
- ਵਿਦੇਸ਼ : ਸਲਾਨਾ ਚੰਦਾ INR1500
- 'ਅੰਮ੍ਰਿਤ ਕੀਰਤਨ' ਲਈ ਡਰਾਫਟ, ਮਾਇਕ ਸਹਾਇਤਾ, ਚਿੱਠੀ-ਪੱਤਰ ਅਤੇ ਰਚਨਾਵਾਂ ਭੇਜਣ ਲਈ ਪਤਾ:-


**ਅੰਮ੍ਰਿਤ ਕੀਰਤਨ ਟ੍ਰਸਟ (ਰਜਿ.)**
422, ਸੈਕਟਰ 15-ਏ, ਚੰਡੀਗੜ੍ਹ 160 015
ਫੋਨ : 0172-2772660, 098140 53630
e-mail: drjagirsingh@gmail.com
Website : http://www.amritkirtan.com



ਡਾ. ਜਾਗੀਰ ਸਿੰਘ, ਪ੍ਰਧਾਨ 'ਅੰਮ੍ਰਿਤ ਕੀਰਤਨ ਟ੍ਰਸਟ' ਨੇ **ਸਿਰਜਣਾ ਪ੍ਰਿੰਟਰਜ਼ ਅਤੇ ਸਟੇਸ਼ਨਰਜ਼** ਸ਼ੋਅਰੂਮ ਨੰ: 443, ਮਟੌਰ, ਸੈਕਟਰ 70, ਮੁਹਾਲੀ (ਫੋਨ :0172-4782705, 98150-72197) ਤੋਂ ਛਪਵਾ ਕੇ 422, ਸੈਕਟਰ 15-ਏ, ਚੰਡੀਗੜ੍ਹ ਤੋਂ ਪ੍ਰਕਾਸ਼ਿਤ ਕੀਤਾ।


## ਇਸ ਅੰਕ ਵਿਚ


| | |
|---|---|
| ਛਨੀਛਰਵਾਰ (ਭਾਗ=2)<br>ਕਵੀ ਸੁਰਗਵਾਸੀ ਸੰਤ ਸੰਤੋਖ ਸਿੰਘ | ਟਾ-2 |
| ਸੰਪਾਦਕੀ : ਕਰਉ ਬੇਨੰਤੀਆ -<br>ਸ਼ਬਦਾਂ ਦਾ ਪ੍ਰਭਾਵ | 2 |
| ਸਿੱਖ ਧਰਮ ਵਿਚ ਸੇਵਾ<br>ਡਾ. ਜਾਗੀਰ ਸਿੰਘ | 4 |
| ਗੁਰਮਤਿ ਸੰਗੀਤ ਦੇ ਅਰੰਭਲੇ ਰਚਨਕਾਰ<br>ਡਾ. ਗੁਰਨਾਮ ਸਿੰਘ | 14 |
| ਤਿੰਨ ਤਾਲ ਕਾਇਦਾ ਸੀਰੀਜ<br>ਪ੍ਰੋਫ਼ੈਸਰ ਹਰਭਜਨ ਸਿੰਘ ਧਾਰੀਵਾਲ<br>(ਲਾਹੌਰ ਬਾਜ ਪੰਜਾਬ ਘਰਾਣਾ) | 17 |
| ਸੁਰ ਲਿਪੀ -ਰਾਗ ਮਾਝ<br>Dr. A P Singh 'Rhythm' | 19 |
| ਸੁਰ ਲਿਪੀ ਵਾਲਾ ਸ਼ਬਦ ਅਤੇ ਅਰਥ | ਟਾ-3 |


Donations to **AMRIT KIRTAN TRUST** are eligible for relief u/s 80 G of Income-Tax Act, 1961 (43 of 1961) vide CIT/-I/ CHD/ Tech./ 80-G/ 2008-939 dated 19-05-2008 valid upto 31/03/2012 and now valid in perpetuity, Cheques/Drafts should be sent in the name of **AMRIT KIRTAN TRUST** payable at Mohali. Donations can also be sent by money order at the address **AMRIT KIRTAN TRUST** (Regd.) 422, Sector 15-A, Chandigarh-160015. The Donations can be made by Electronic Transfer also. The bank details are : **AMRIT KIRTAN TRUST** Saving Bank A/c No. 65079603302, IFSC : SBIN0018141 in the State Bank of India, Phase 3B2, Mohali Punjab Branch. After such a Deposit, please inform us your Name and Address as also the deposit details to enable us to send you the receipt.

# ਕਰਉ ਬੇਨੰਤੀਆ

## ਸ਼ਬਦਾਂ ਦਾ ਪ੍ਰਭਾਵ

ਪਿਛੇ ਜਿਹੇ ਯੂ ਟਿਊਬ ਤੇ ਇੱਕ ਵਾਰਤਾ ਸੁਣ ਰਿਹਾ ਸਾਂ ਉਸ ਵਿੱਚ ਵਾਰਤਾਕਾਰ ਨੇ ਸ਼ਬਦਾਂ ਦੇ ਪ੍ਰਭਾਵ ਬਾਰੇ ਜਿਹੜੀਆਂ ਗੱਲਾਂ ਕੀਤੀਆਂ। ਉਸ ਨੇ ਮੇਰੀ ਤਰਕਸ਼ੀਲ ਬੁੱਧੀ ਨੂੰ ਝੰਜੋੜ ਕੇ ਰੱਖ ਦਿੱਤਾ। ਉਂਜ ਤਾਂ 'ਸ਼ਬਦ' ਦਾ ਧਾਰਮਿਕ ਸਾਹਿਤ ਵਿੱਚ ਵਿਸਥਾਰ ਸਹਿਤ ਵਰਣਨ ਮਿਲਦਾ ਹੈ ਪਰ ਅਸੀਂ ਇੱਥੇ ਸਧਾਰਨ ਬੋਲਚਾਲ ਵਾਲੇ ਸ਼ਬਦ ਦੀ ਗੱਲ ਕਰ ਰਹੇ ਹਾਂ। ਗੁਰਬਾਣੀ ਵਿੱਚ ਅਜਿਹੇ ਸ਼ਬਦ ਬਾਰੇ ਆਖਿਆ ਗਿਆ ਹੈ–

ਨਾਨਕ ਫਿਕੈ ਬੋਲੀਐ ਤਨ ਮਨ ਫਿਕਾ ਹੋਇ।

ਸ਼ਬਦਾਂ ਵਿੱਚ ਬੜੀ ਸ਼ਕਤੀ ਹੁੰਦੀ ਹੈ ਇਹਨਾਂ ਸ਼ਬਦਾਂ ਨਾਲ ਕਿਸੇ ਦੀ ਜ਼ਿੰਦਗੀ ਸਵਾਰੀ ਜਾਂ ਵਿਗਾੜੀ ਜਾ ਸਕਦੀ ਹੈ। ਕਿਸੇ ਨੂੰ ਉਤਸ਼ਾਹਿਤ ਕਰ ਸਕਦੇ ਹਾਂ। ਕਿਸੇ ਨੂੰ ਨਿਰਾਸ਼ ਕਰ ਸਕਦੇ ਹਾਂ। ਅਸੀਂ ਕਈ ਸ਼ਬਦਾਂ ਨੂੰ ਮੰਤਰ ਦੇ ਰੂਪ ਵਿੱਚ ਵੀ ਪ੍ਰਯੋਗ ਕਰਦੇ ਹਾਂ। ਧਾਰਮਿਕ ਜਗਤ ਵਿੱਚ ਮੰਨਿਆ ਜਾਂਦਾ ਹੈ ਕਿ ਜਦੋਂ ਅਸੀਂ ਕਿਸੇ ਮੰਤਰ ਦਾ ਉਚਾਰਨ ਕਰਦੇ ਹਾਂ ਤਾਂ ਉਸ ਦਾ ਪ੍ਰਭਾਵ ਮਨੁੱਖੀ ਜੀਵਨ ਤੇ ਤਾਂ ਪੈਂਦਾ ਹੀ ਹੈ ਉਹਨਾਂ ਦਾ ਪ੍ਰਭਾਵ ਵਾਤਾਵਰਨ ਤੇ ਵੀ ਪੈਂਦਾ ਹੈ।

ਇੱਕ ਡਾਕਟਰ ਹੈ ਸੂਜਨ ਸਮਾਲੀ ਉਸ ਨੇ ਤਾਂ ਇਹ ਵੀ ਕਿਹਾ ਹੈ ਕਿ ਸ਼ਬਦਾਂ ਦੀ ਹੋਂਦ ਜੀਵਤ ਪ੍ਰਾਣੀ ਵਾਂਗ ਹੁੰਦਾ ਹੈ। ਉਹ ਸੰਸਾਰ ਨੂੰ ਬਦਲ ਸਕਦੇ ਹਨ। ਸੋਲਮਨ ਨਾਂ ਦੇ ਇਕ ਟਾਪੂ ਦੇ ਲੋਕਾਂ ਨੇ ਜਦੋਂ ਕੋਈ ਦਰਖਤ ਕਟਣਾ ਹੁੰਦਾ ਹੈ ਤਾਂ ਲੋਕ ਉਸ ਦੇ ਦੁਆਲੇ ਇੱਕਠੇ ਹੋ ਕੇ ਉਸ ਰੁੱਖ ਨੂੰ ਬਦਦੁਆਵਾਂ ਦਿੰਦੇ ਹਨ। ਆਖਦੇ ਹਨ ਕੁਝ ਦਿਨ ਬਦਦੁਆਵਾਂ ਸੁਣਨ ਨਾਲ ਇਹ ਦਰਖਤ ਸੁੱਕਣਾਂ ਸ਼ੁਰੂ ਹੋ ਜਾਂਦਾ ਹੈ।

ਸਾਇੰਸ ਨੇ ਇਹ ਵੀ ਸਿੱਧ ਕਰ ਦਿੱਤਾ ਹੈ। ਕਿ ਜਦੋਂ ਅਸੀਂ ਕਿਸੇ ਪਾਣੀ ਨੂੰ ਵਧੀਆਂ ਸੰਗੀਤ ਜਾਂ ਚੰਗੇ ਚੰਗੇ ਸ਼ਬਦ ਸੁਣਾਉਂਦੇ ਹਾਂ ਤਾਂ ਉਸ ਪਾਣੀ ਦੇ ਕਰਿਸਟਲ ਬਹੁਤ ਸਮਤਲ ਅਤੇ ਇਕੋ ਜਿਹੇ ਹੋ ਜਾਂਦੇ ਹਨ। ਪਰ ਜਿਹੜੇ ਪਾਣੀ ਨੂੰ ਅਸੀਂ ਮਾੜੇ ਸ਼ਬਦ ਸੁਣਾਉਂਦੇ ਹਾਂ ਉਸ ਦੇ ਰਵੇ ਟੁੱਟ ਜਾਂਦੇ ਹਨ। ਉਸ ਪਾਣੀ ਦਾ ਸਵਾਦ ਵੀ ਖਰਾਬ ਹੋ ਜਾਂਦਾ ਹੈ। ਇਹ ਖੋਜ ਜਾਪਾਨ ਦੇ ਇੱਕ ਸਾਇੰਟਿਸਟ ਡਾਕਟਰ ਮਾਸਾਰੂ ਮੋਤੋ ਨੇ ਕੀਤੀ ਹੈ ਉਸ ਦੀ ਕਿਤਾਬ ਦਾ ਨਾਮ ਸ਼ਾਇਦ 'ਹਿਡਨ ਮੈਸੇਜਸ ਇਨ ਵਾਟਰ ਹੈ।

ਇਸ ਗੱਲ ਤੋਂ ਪੰਜ ਬਾਣੀਆਂ ਦਾ ਪਾਠ ਕਰਕੇ ਖੰਡੇ ਦੀ ਪਾਹੁਲ ਤਿਆਰ ਕਰਨ ਦੀ ਵਿੱਧੀ ਦੀ ਪ੍ਰਮਾਣਿਕਤਾ ਸਪਸ਼ਟ ਹੁੰਦੀ ਜਾਪਦੀ ਹੈ। ਇਸ ਗੱਲ ਨੇ ਧਾਰਮਿਕ ਸਥਾਨਾਂ ਨਾਲ ਲਗਦੀਆਂ ਨਦੀਆਂ ਅਤੇ ਸਰੋਵਰਾਂ ਦੇ ਪਾਣੀਆਂ ਉੱਤੇ ਕੀਰਤਨ ਦੇ ਪ੍ਰਭਾਵ ਬਾਰੇ ਮੁੜ ਵਿਚਾਰ ਕਰਨ ਨੂੰ ਸੱਦਾ ਦੇ ਦਿੱਤਾ ਹੈ।

ਜੇ ਅਸੀਂ ਸ਼ਬਦਾਂ ਦੇ ਕੇਵਲ ਮਨੁੱਖੀ ਜੀਵਨ ਤੇ ਪ੍ਰਭਾਵ ਦਾ ਵਿਸ਼ਲੇਸ਼ਣ ਹੀ ਕਰੀਏ ਤਾਂ ਇਹ ਗੱਲ ਸਪਸ਼ਟ ਹੁੰਦੀ ਹੈ ਕਿ ਚੰਗੇ ਸ਼ਬਦਾਂ ਦਾ ਪ੍ਰਭਾਵ ਤਾਂ ਮਨੁਖੀ ਜੀਵਨ ਤੇ ਚੰਗਾ ਹੀ ਪੈਂਦਾ ਹੈ ਪਰ ਮੰਦੇ ਸ਼ਬਦਾਂ ਦਾਂ ਪ੍ਰਭਾਵ ਬਹੁਤ ਵਧੇਰੇ ਪੈਂਦਾ ਹੈ। ਆਮ ਕਹਾਵਤ ਹੈ 'ਹਸਾਏ ਦਾ ਨਾਂ ਨਹੀਂ ਹੁੰਦਾ ਰੁਆਏ ਦਾ ਨਾਂ ਹੁੰਦਾ ਹੈ।'

ਮਾੜੇ ਜਾਂ ਨਾਕਾਰਾਤਮਕ ਦੇ ਸ਼ਬਦਾਂ ਦੇ ਉਚਾਰਨ ਅਤੇ ਉਹਨਾਂ ਦੇ ਮਨ ਹੀ ਮਨ ਵਿੱਚ ਬੋਲਣ ਦਾ ਕੀ ਪ੍ਰਭਾਵ ਪੈਂਦਾ ਹੈ ਇਸ ਬਾਰੇ ਵੀ ਇੱਕ ਪੁਸਤਕ ਪੜ੍ਹਨ ਨੂੰ ਮਿਲੀ ਹੈ। What to say when you talk to yourself by Shad Helmstetter

ਅਸੀਂ ਉਹੋ ਜਿਹਾ ਹੀ ਜੀਵਨ ਜੀਉਂਦੇ ਹਾਂ ਜਿਹੋ ਜਿਹੇ ਸ਼ਬਦ ਅਸੀਂ ਬੋਲਦੇ ਜਾਂ ਸੋਚਦੇ ਹਾਂ। ਜਦੋਂ ਅਸੀਂ ਕਿਸੇ ਸਕਾਰਾਤਮਕ ਸ਼ਬਦ ਦਾ ਉਚਾਰਨ ਕਰਦੇ ਹਾਂ ਤਾਂ ਸਾਡੇ ਸਰੀਰ ਵਿੱਚ ਖੁਸ਼ੀ ਦੀਆਂ ਤਰੰਗਾਂ ਪੈਦਾ ਹੋ ਜਾਂਦੀਆਂ ਹਨ। ਪਰ ਜਦੋਂ ਅਸੀਂ ਨਕਾਰਾਤਮਕ ਸ਼ਬਦ ਬੋਲਦੇ ਹਾਂ ਤਾਂ ਸਰੀਰ ਉਸੇ ਤਰ੍ਹਾਂ ਹੀ ਮਹਿਸੂਸ ਕਰਦਾ ਹੈ। ਇਸ ਕਰਕੇ ਸਾਨੂੰ ਸ਼ਬਦ ਬੜੀ ਸਾਵਧਾਨੀ ਨਾਲ ਬੋਲਣੇ ਚਾਹੀਦੇ ਹਨ। ਜਦੋਂ ਕਿਸੇ ਸ਼ਬਦ ਨੂੰ ਬੋਲਣ ਲੱਗੀਏ ਤਾਂ ਪਹਿਲਾਂ ਸੋਚੀਏ ਕਿ ਕੀ ਅਸੀਂ ਇਹੋ ਕੁਝ ਚਾਹੁੰਦੇ ਹਾਂ। ਜੋ ਅਸੀਂ ਨਹੀਂ ਚਾਹੁੰਦੇ ਉਹ ਕੁਝ ਬੋਲਣ ਜਾਂ ਸੋਚਣ ਤੋਂ ਗੁਰੇਜ਼ ਕਰਨਾ ਚਾਹੀਦਾ ਹੈ।

ਭੁੱਲ ਚੁੱਕ ਖਿਮਾ

# ਸਿੱਖ ਧਰਮ ਵਿਚ ਸੇਵਾ

**ਜਾਗੀਰ ਸਿੰਘ**

ਸਮਾਜ ਵਿਚ ਸੇਵਾ ਇਕ ਮਹੱਤਵਪੂਰਨ ਕਰਮ ਹੈ। ਅੱਜ ਦੇ ਸਮਾਜ ਵਿਚ ਇਸ ਜਜ਼ਬੇ ਭਰੇ ਕੰਮ ਦੀ ਮਹੱਤਤਾ ਘਟ ਰਹੀ ਹੈ, ਪਰ ਪੁਰਾਤਨ ਸਮਾਜ ਵਿਚ ਇਸ ਦੀ ਬਹੁਤ ਮਹੱਤਤਾ ਰਹੀ ਹੈ। ਪੁਰਾਤਨ ਸਮਾਜ ਵਿਚ ਅਤੇ ਅੱਜ ਵੀ ਇਹ ਸ਼ਬਦ ਕਾਮੇ ਵਰਗ ਦੇ ਲੋਕਾਂ ਲਈ ਪ੍ਰਯੋਗ ਕੀਤਾ ਜਾਂਦਾ ਰਿਹਾ ਹੈ। ਹਾਕਮ ਵਰਗ ਕਾਮੇ ਵਰਗ ਦੇ ਲੋਕਾਂ ਕੋਲੋਂ ਸੇਵਾ ਕਰਵਾਉਣਾ ਆਪਣਾ ਹੱਕ ਸਮਝਦਾ ਸੀ। ਇਸੇ ਆਧਾਰ 'ਤੇ ਬ੍ਰਾਹਮਣਾਂ ਨੇ ਵਰਗ ਵੰਡ ਕਰ ਦਿੱਤੀ ਅਤੇ ਸ਼ੂਦਰਾਂ ਨੂੰ ਹੋਰ ਕੁਝ ਨਾ ਮਿਲਿਆ, ਸਿਵਾਇ ਸੇਵਾ ਕਰਨ ਦੇ 'ਹੱਕ' ਦੇ।

ਵੇਦਾਂ ਦਾ ਅਧਿਐਨ ਅਤੇ ਅਧਿਆਪਨ, ਧਾਰਮਿਕ ਰਸਮਾਂ ਅਤੇ ਕਰਮਕਾਂਡਾਂ ਨੂੰ ਕਰਾਉਣਾ, ਯੱਗ ਕਰਾਉਣਾ, ਇਨਾਮ ਅਤੇ ਭੇਟਾਵਾਂ ਪਰਵਾਨ ਕਰਨਾ ਬ੍ਰਾਹਮਣਾਂ ਦਾ ਕੰਮ ਸੀ। ਉਹ ਧਰਤੀ ਉੱਤੇ ਰਹਿਣ ਵਾਲੇ ਦੇਵਤਾ ਸਨ। ਉਨ੍ਹਾਂ ਦੇ ਅਧਿਕਾਰ ਇੰਨੇ ਪਵਿੱਤਰ ਸਨ ਕਿ ਸਮਾਂ ਪਾ ਕੇ ਉਹ, ਦੂਜਿਆਂ ਨੂੰ ਲੁਟਣ, ਐਸ਼ ਆਰਾਮ ਦੀ ਜ਼ਿੰਦਗੀ ਬਤੀਤ ਕਰਨ ਅਤੇ ਆਪਣੇ ਆਪ ਨੂੰ ਮਾਲਾ ਮਾਲ ਕਰਨ ਲਈ ਆਜ਼ਾਦ ਹੋ ਗਏ ਅਤੇ ਉਹ ਵੀ ਧਰਮ ਦੇ ਨਾਂ 'ਤੇ। ਖ਼ੱਤਰੀਆਂ ਨੂੰ ਆਪਣੇ ਰਾਜ-ਭਾਗ ਦੀ ਰਖਵਾਲੀ ਕਰਨੀ ਪੈਂਦੀ ਸੀ। ਵਪਾਰ ਆਦਿ ਦਾ ਕੰਮ ਵੈਸ਼ਾਂ ਦਾ ਸੀ। ਇਨ੍ਹਾਂ ਤਿੰਨਾਂ ਵਰਗਾਂ ਦੀ ਸੇਵਾ ਕਰਨਾ ਅਤੇ ਉਹ ਵੀ ਬਿਨਾਂ ਕਿਸੇ ਤਰ੍ਹਾਂ ਦੀ ਹਿਚਕਚਾਹਟ ਦੇ ਸ਼ੂਦਰਾਂ ਦਾ ਕੰਮ ਸੀ।[1]

ਉਪਰ ਵਾਲੇ ਤਿੰਨੇ ਵਰਗ ਇਹ ਨਹੀਂ ਸੀ ਚਾਹੁੰਦੇ ਕਿ ਸ਼ੂਦਰਾਂ ਨੂੰ ਕੋਈ ਗਿਆਨ ਹਾਸਲ ਹੋਵੇ। ਬ੍ਰਿਹਦਾਰਣਿਕ ਉਪਨਿਸ਼ਦ[2] ਵਿਚ ਲਿਖਿਆ ਹੋਇਆ ਹੈ :

ਜਿਹੜਾ ਇਹ ਸਮਝ ਲੈਂਦਾ ਹੈ ਕਿ 'ਮੈਂ ਹੀ ਬ੍ਰਹਮ ਹਾਂ' ਉਹ ਆਪ (ਬ੍ਰਹਮ) ਬਣ ਜਾਂਦਾ ਹੈ। ਫਿਰ ਦੇਵਤੇ ਵੀ ਉਸਨੂੰ ਨਹੀਂ ਰੋਕ ਸਕਦੇ, ਕਿਉਂਕਿ ਉਹ ਉਹਨਾਂ ਦੀ ਵੀ ਆਤਮਾ ਬਣ ਜਾਂਦਾ ਹੈ। ਜਿਹੜਾ ਕੋਈ ਇਹ ਸੋਚ ਕੇ ਕਿ ਉਹ ਹੋਰ ਹੈ ਅਤੇ ਬ੍ਰਹਮ ਹੋਰ ਹੈ, ਕਿਸੇ ਹੋਰ ਦੇਵਤੇ (ਆਪਣੇ ਤੋਂ ਬਿਨਾਂ) ਦੀ ਪੂਜਾ ਕਰਦਾ ਹੈ ਉਹ ਅਗਿਆਨੀ ਹੈ। ਦੇਵਤਿਆਂ ਲਈ ਉਹ ਪਸ਼ੂ ਵਾਂਗ ਹੈ। ਜਿਸ ਤਰ੍ਹਾਂ ਕਈ ਪਸ਼ੂ ਇਕ ਮਨੁੱਖ ਦੀ ਸੇਵਾ ਕਰਦੇ ਹਨ, ਉਸੇ ਤਰ੍ਹਾਂ ਹਰ ਮਨੁੱਖ ਦੇਵਤਿਆਂ ਦੀ ਸੇਵਾ ਕਰਦਾ ਹੈ। ਜੇ ਇਕ ਵੀ ਪਸ਼ੂ ਸੇਵਾ ਕਰਨ ਤੋਂ ਹਟਾ ਲਿਆ ਜਾਵੇ ਤਾਂ ਮਨੁੱਖ ਨੂੰ ਬੜਾ ਕ੍ਰੋਧ ਆਉਂਦਾ ਹੈ। ਇਸੇ ਤਰ੍ਹਾਂ ਦੇਵਤਿਆਂ ਨੂੰ ਇਹ ਪਸੰਦ ਨਹੀਂ ਸੀ ਕਿ ਕੋਈ ਮਨੁੱਖ ਬ੍ਰਹਮ ਦਾ ਰਹੱਸ ਜਾਣੇ ਅਤੇ ਉਹਨਾਂ ਦੀ ਸੇਵਾ ਕਰਨੀ ਛੱਡ ਦੇਵੇ।

ਡਾਕਟਰ ਰਾਧਾਕ੍ਰਿਸ਼ਨਨ[3] ਨੇ ਇਸ ਉੱਤੇ ਟਿੱਪਣੀ ਕਰਦਿਆਂ ਲਿਖਿਆ ਹੈ :

ਦੇਵਤਿਆਂ ਨੂੰ ਇਹ ਪਸੰਦ ਨਹੀਂ ਕਿ ਮਨੁੱਖ ਪਰਮ ਸੱਚ ਨੂੰ ਜਾਣ ਲੈਣ ਕਿਉਂਕਿ ਫਿਰ ਉਹ ਦੇਵਤਿਆਂ ਦੀ ਪਤਲੀ ਹਾਲਤ ਨੂੰ ਜਾਣ ਲੈਣਗੇ, ਅਤੇ ਉਹਨਾਂ ਦੀ ਪੂਜਾ ਕਰਨੀ ਅਤੇ ਭੇਟਾ ਚੜ੍ਹਾਉਣੀ ਬੰਦ ਕਰ ਦੇਣਗੇ।

ਸੰਸਕ੍ਰਿਤ ਸਾਹਿਤ ਵਿਚ ਤਾਂ ਇਹ ਵੀ ਲਿਖਿਆ ਮਿਲਦਾ ਹੈ ਕਿ ਜੋ ਕੋਈ ਸੂਦਰ ਵੇਦ ਪੜ੍ਹਣ ਦੀ ਕੋਸ਼ਿਸ਼ ਕਰਦਾ ਸੀ ਤਾਂ ਉਹਨੂੰ ਬੜੀ ਭਿਆਨਕ ਸਜ਼ਾ ਦਿੱਤੀ ਜਾਂਦੀ ਸੀ।

ਧਰਮ ਦੇ ਖੇਤਰ ਵਿਚ ਸੇਵਾ ਨਾਲ ਮਿਲਦੇ ਜੁਲਦੇ ਕੁਝ ਹੋਰ ਸੰਕਲਪ ਵੀ ਵਾਚਣ ਯੋਗ ਹਨ ਜਿਵੇਂ ਉਪਕਾਰ, ਦਇਆ ਅਤੇ ਦਾਨ ਆਦਿ। ਇਹ ਸੰਕਲਪ ਹਾਕਮ ਸ਼੍ਰੇਣੀ ਦੇ ਲੋਕਾਂ ਨਾਲ ਸੰਬੰਧਿਤ ਹਨ। ਇਹਨਾਂ

ਸੰਕਲਪਾਂ ਦੀ ਹੋਂਦ ਹਾਕਮ ਅਤੇ ਹਕੂਮਤ ਦੇ ਆਸਰੇ ਖੜੀ ਹੈ। ਹਾਕਮ ਲਈ ਕੁਝ ਹੋਰ ਲੋੜਵੰਦ ਅਜਿਹੇ ਹੋਣੇ ਚਾਹੀਦੇ ਹਨ ਜਿਨ੍ਹਾਂ ਉੱਤੇ ਉਪਕਾਰ ਕੀਤਾ ਜਾ ਸਕੇ ਅਤੇ ਜਿਹੜੇ ਦਇਆ ਦੇ ਪਾਤਰ ਹੋਣ ਅਤੇ ਜਿਹਨਾਂ ਨੂੰ ਦਾਨ ਦਿੱਤਾ ਜਾ ਸਕੇ।

ਗੁਰੂ ਸਾਹਿਬਾਨ ਨੇ ਇਹਨਾਂ ਪੁਰਾਣੇ ਸੰਕਲਪਾਂ ਨੂੰ ਪ੍ਰਯੋਗ ਜ਼ਰੂਰ ਕੀਤਾ ਪਰ ਇਹਨਾਂ ਦਾ ਪ੍ਰਸੰਗ ਬਦਲ ਦਿੱਤਾ। ਉਹ ਸ਼ੂਦਰਾਂ ਨੂੰ ਨੀਚ ਨਹੀਂ ਸਨ ਸਮਝਦੇ; ਸਗੋਂ ਪਰਮਾਤਮਾ ਦਾ ਰੂਪ ਸਮਝਦੇ ਸਨ। ਜਿਹੜਾ ਰਹੱਸ ਬ੍ਰਾਹਮਣਾਂ ਨੇ ਆਮ ਲੋਕਾਂ ਤੋਂ ਛਿਪਾਈ ਰੱਖਿਆ, ਗੁਰੂ ਸਾਹਿਬਾਨ ਅਤੇ ਭਗਤੀ ਲਹਿਰ ਦੇ ਹੋਰ ਮਹਾਂਪੁਰਖਾਂ ਨੇ ਉਸਨੂੰ ਪ੍ਰਗਟ ਕਰ ਦਿੱਤਾ। ਉਹਨਾਂ ਸਾਫ਼ ਕਹਿ ਦਿੱਤਾ:

ਕਾਹੇ ਰ ਬਨ ਖੋਜਨ ਜਾਈ॥
ਸਰਬ ਨਿਵਾਸੀ ਸਦਾ ਅਲੇਪਾ ਤੋਹੀ ਸੰਗਿ ਸਮਾਈ॥
ਪੁਹਪ ਮਧਿ ਜਿਉ ਬਾਸੁ ਬਸਤ ਹੈ ਮੁਕਰ ਮਾਹਿ ਜੈਸੇ ਛਾਈ॥
ਤੈਸੇ ਹੀ ਹਰਿ ਬਸਹਿ ਨਿਰੰਤਰਿ ਘਟ ਹੀ ਖੋਜਹੁ ਭਾਈ॥ (ਪੰ: 684)

... ... ...

ਫਰੀਦਾ ਜੰਗਲੁ ਜੰਗਲੁ ਕਿਆ ਭਵਹਿ ਵਣਿ ਕੰਡਾ ਮੋੜੇਹਿ॥
ਵਸੀ ਰਬ ਹਿਆਲੀਐ ਜੰਗਲ ਕਿਆ ਢੂਢੇਹਿ॥ (ਪੰ: 1378)

ਉਹਨਾਂ ਦਸ ਦਿੱਤਾ ਕਿ ਸਾਰੇ ਮਨੁੱਖ ਰਾਮ ਦੀ ਅੰਸ਼ ਹਨ, ਇਸ ਲਈ ਸਾਰੇ ਬਰਾਬਰ ਹਨ। ਉਹਨਾਂ ਨੇ ਮਨੁੱਖ ਨੂੰ ਕਿਸੇ ਉਸ ਬੰਦੇ ਦੀ ਸੇਵਾ ਕਰਨ ਤੋਂ ਵਰਜਿਆ, ਜਿਹੜਾ ਬੰਦੇ-ਬੰਦੇ ਵਿਚ ਫਰਕ ਕਰਦਾ ਹੈ। ਜਿਹੜਾ ਆਪਣੇ ਆਪ ਨੂੰ 'ਉੱਚ' ਅਤੇ ਦੂਜਿਆਂ ਨੂੰ 'ਨੀਵਾਂ' ਸਮਝਦਾ ਹੈ। ਬਾਣੀਕਾਰਾਂ ਨੇ ਆਪਣੇ ਆਪ ਨੂੰ 'ਨੀਚਾਂ' ਵਾਲੇ ਪਾਸੇ ਦਸਦਿਆ ਲਿਖਿਆ:

ਨੀਚਾ ਅੰਦਰਿ ਨੀਚ ਜਾਤਿ ਨੀਚੀ ਹੂ ਅਤਿ ਨੀਚੁ॥
ਨਾਨਕੁ ਤਿਨ ਕੈ ਸੰਗਿ ਸਾਥਿ ਵਡਿਆ ਸਿਉ ਕਿਆ ਰੀਸ॥ (ਪੰ: 15)

ਸਗੋਂ ਉਹਨਾਂ ਇਹ ਕਿਹਾ ਕਿ ਪਰਮਾਤਮਾ ਦੀ ਮਿਹਰ ਵੀ ਉਥੇ ਹੁੰਦੀ ਹੈ ਜਿਥੇ 'ਨੀਚ' ਲੋਕਾਂ ਦਾ ਵਾਸ ਹੁੰਦਾ ਹੈ:

ਜਿਥੈ ਨੀਚ ਸਮਾਲੀਅਨਿ ਤਿਥੈ ਨਦਰਿ ਤੇਰੀ ਬਖਸੀਸ॥ (ਪੰ: 15)

ਗੁਰੂ ਗ੍ਰੰਥ ਸਾਹਿਬ ਵਿਚ ਸੇਵਾ ਕੇਵਲ ਪਰਮਾਤਮਾ ਜਾਂ ਗੁਰੂ ਦੀ ਕਰਨੀ ਲਿਖੀ ਹੈ:

ਕਰਿ ਸੇਵਾ ਪਾਰਬ੍ਰਹਮ ਗੁਰ ਭੂਖ ਰਹੈ ਨ ਕਾਈ॥ (ਪੰ: 318)

ਹੁਣ ਪ੍ਰਸ਼ਨ ਪੈਦਾ ਹੁੰਦਾ ਹੈ ਕਿ ਪਰਮਾਤਮਾ ਪਾਰਬ੍ਰਹਮ ਦੀ ਸੇਵਾ ਕਿਵੇਂ ਕੀਤੀ ਜਾਵੇ? ਪਰਮਾਤਮਾ ਤਾਂ ਨਿਰਾਕਾਰ ਹੈ:

ਰੂਪ ਨਾ ਰੇਖ ਨ ਰੰਗ ਕਿਛੁ ਤ੍ਰਿਹੁ ਗੁਣ ਤੇ ਪ੍ਰਭ ਭਿੰਨ॥ (ਪੰ: 283)

ਚਕ੍ਰ ਚਿਹਨ ਅਰ ਬਰਨ ਜਾਤ ਅਰ ਪਾਤ ਨਹਿਨ ਜਿਹ॥

ਰੂਪ ਰੰਗਿ ਅਰ ਰੇਖ ਭੇਖ ਕੋਊ ਕਹਿ ਨਾ ਸਕਤ ਕਹਿ॥ (ਜਾਪੁ ਸਾਹਿਬ)

ਪਰ ਗੁਰਬਾਣੀ ਵਿਚ ਇਹ ਵੀ ਲਿਖਿਆ ਹੈ:

ਫਰੀਦਾ ਖਾਲਕੁ ਖਲਕ ਮਹਿ ਖਲਕ ਵਸੈ ਰਬ ਮਾਹਿ॥ (ਪੰ: 1381)

ਇਸ ਲਈ ਖਲਕਤ ਦੀ ਸੇਵਾ ਕਰਨੀ ਹੀ ਪਰਮਾਤਮਾ ਦੀ ਸੇਵਾ ਕਰਨੀ ਹੈ। ਗੁਰੂ ਸਾਹਿਬਾਨ ਨੇ ਸਿੱਖ ਧਰਮ ਨੂੰ ਸੰਗਤੀ ਧਰਮ ਬਣਾਇਆ ਹੈ। ਇਸ ਧਰਮ ਵਿਚ ਸੰਗਤ ਦਾ ਵਿਸ਼ੇਸ਼ ਸਥਾਨ ਹੈ। ਗੁਰੂ ਨਾਨਕ ਦੇਵ ਜੀ ਦੇ ਸਮੇਂ ਤੋਂ ਹੀ ਸੰਗਤ ਦੇ ਜੁੜਨ ਲਈ ਧਰਮਸ਼ਾਲਾਵਾਂ ਦੀ ਸਥਾਪਨਾ ਆਰੰਭ ਹੋ ਗਈ ਸੀ। ਭਾਈ ਗੁਰਦਾਸ ਜੀ ਦਾ ਕਥਨ ਹੈ:

ਘਰਿ ਘਰਿ ਅੰਦਰਿ ਧਰਮਸਾਲ ਹੋਵੈ ਕੀਰਤਨ ਸਦਾ ਵਿਸੋਆ॥ (ਵਾਰ 1, ਪ: 27)

ਜਿਥੇ ਧਰਮਸਾਲਾ ਬਣੀ ਉਥੇ ਸੇਵਾ ਦਾ ਮੌਕਾ ਮਿਲਿਆ। ਇਸ ਸੇਵਾ ਨਾਲ ਕਿਸੇ ਨੂੰ ਹੰਕਾਰ ਨਹੀਂ ਸੀ ਆਉਂਦਾ। ਇਹ ਸੇਵਾ ਕਿਸੇ ਮਜਬੂਰੀ ਅਧੀਨ ਵੀ ਨਹੀਂ ਕੀਤੀ ਜਾਂਦੀ ਸੀ। ਇਹ ਪ੍ਰੇਮ ਨਾਲ ਕੀਤੀ ਜਾਂਦੀ ਸੀ।

ਮੈ ਬਧੀ ਸਚੁ ਧਰਮਸਾਲ ਹੈ॥ ਗੁਰ ਸਿਖਾਂ ਲਹਦਾ ਭਾਲਿ ਕੈ॥

ਪੈਰ ਧੋਵਾ ਪਖਾ ਫੇਰਦਾ ਤਿਸੁ ਨਿਵਿ ਨਿਵਿ ਲਗਾ ਪਾਇ ਜੀਉ॥ (ਪੰ: 23)

ਇੱਥੇ ਸੰਗਤ ਵਿਚ ਆਉਣ ਵਾਲਿਆਂ ਦੀ ਸੇਵਾ ਕੀਤੀ ਜਾਂਦੀ ਸੀ। ਸੰਗਤ ਵਿਚ ਆਉਣ ਵਾਲਾ ਹਰ ਮਨੁੱਖ ਇਕ ਸਿੱਖ ਸੀ। ਗੁਰੂ ਦੇ ਰਾਹ ਉੱਤੇ ਚਲਣ ਵਾਲਾ ਸੀ। ਕੋਈ ਊਚ ਨਹੀਂ ਸੀ, ਕੋਈ ਨੀਚ ਨਹੀਂ ਸੀ ਅਤੇ ਇਥੇ ਕਰਨ ਵਾਲੇ ਕੰਮ ਵੀ ਇਹੋ ਜਿਹੇ ਨਹੀਂ ਸਨ, ਜਿਨ੍ਹਾਂ ਨੂੰ ਕੋਈ ਅਮੀਰ ਹੀ ਕਰ ਸਕੇ। ਧਰਮਸਾਲਾ ਅਤੇ ਸੇਵਾ ਬਾਰੇ ਪੁਰਾਤਨ ਸਾਖੀਆਂ ਵਿਚ ਵੀ ਜ਼ਿਕਰ ਮਿਲਦਾ ਹੈ। ਇਕ ਸਾਖੀ ਵਿਚ ਗੁਰੂ ਨਾਨਕ ਦੇਵ ਜੀ ਬਚਨ ਕਰਦੇ ਹਨ:

ਹਰ ਇਕ ਧਰਮਸਾਲਾ ਮੈ ਜੋ ਕੋਈ ਮਨੁੱਖ ਸੇਵਾ ਕਰੇਗਾ, ਜਲ ਭਰੇਗਾ, ਧਰਮਸਾਲਾ ਮੈ ਦੀਪ ਜਗਾਵੇਗਾ, ਝਾੜੂ ਕਰਗਾ, ਉਸ ਕਾ ਮਨ ਨਿਰਮਲ ਹੋਵੇਗਾ, ਪਾਪ ਦੂਰ ਹੋਵਨਗੇ, ਅੰਤ ਸਮੇਂ ਸਦਗਤਿ ਦਾ ਅਧਿਕਾਰੀ ਹੋਵੇਗਾ।[4]

ਧਰਮਸਾਲਾ ਅੰਦਰ ਸੇਵਾ ਕਰਨ ਬਾਰੇ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਕਥਨ ਹੈ:

ਕਮਾਵਾਂ ਤਿਨ ਕੀ ਕਾਰ ਸਰੀਰ ਪਵਿਤੁ ਹੋਇ॥ ਪਖਾ ਪਾਣੀ ਪੀਸ ਬਿਗਸਾਂ ਪੈਰ ਧੋਇ॥

ਆਪਹੁ ਕਿਛੂ ਨ ਹੋਇ ਪ੍ਰਭ ਨਦਰ ਨਿਹਾਲਿਐ॥ ਮੋਹਿ ਨਿਰਗੁਣ ਦਿਚੈ ਥਾਉਂ ਸੰਤ ਧਰਮਸਾਲੀਐ॥ (ਪੰ: 518)

ਬਾਅਦ ਵਿਚ ਧਰਮਸਾਲਾ ਨੂੰ ਗੁਰਦੁਆਰੇ ਕਿਹਾ ਜਾਣ ਲੱਗ ਪਿਆ। ਇਕ ਆਦਰਸ਼ਕ ਧਰਮਸਾਲਾ ਅਤੇ ਗੁਰਦੁਆਰੇ ਬਾਰੇ ਭਾਈ ਕਾਹਨ ਸਿੰਘ ਨਾਭਾ ਲਿਖਦੇ ਹਨ:

"ਸੱਚੀ ਧਰਮਸਾਲਾ ਉਹ ਹੈ ਜਿਥੇ ਸਭ ਨੂੰ ਸਵਾਗਤ ਅਤੇ ਧਰਮ ਦਾ ਪ੍ਰਚਾਰ ਹੁੰਦਾ ਹੈ। ਇਸ ਤੋਂ ਵਿਰੁੱਧ

ਜਿਸ ਥਾਂ ਈਰਖਾ, ਦਵੈਸ਼, ਧੜੇਬੰਦੀ ਅਰ ਖੱਟੀ ਲਈ ਦੁਕਾਨ ਜਮਾਈ ਜਾਂਦੀ ਹੈ, ਅਰ ਆਪਣੀ ਮਲਕੀਅਤ ਥਾਪ ਕੇ ਪੰਥ ਨੂੰ ਜਵਾਬ ਦਿੱਤਾ ਹੈ, ਉਹ ਪਾਪਸ਼ਾਲਾ ਹੈ।'[5]

"ਸਿੱਖਾਂ ਦਾ ਗੁਰਦੁਆਰਾ, ਵਿਦਿਆਰਥੀਆਂ ਲਈ ਸਕੂਲ, ਆਤਮਾ ਜਗਿਆਸਾ ਵਾਲਿਆਂ ਲਈ ਗਿਆਨ ਉਪਦੇਸ਼ਕ ਅਚਾਰੀਆ, ਰੋਗੀਆਂ ਲਈ ਸ਼ਫ਼ਾਖਾਨਾ, ਭੁੱਖਿਆਂ ਲਈ ਅੰਨ ਪੂਰਨਾ, ਇਸਤ੍ਰੀ ਜਾਤ ਦੀ ਪਤ ਲਈ ਲੋਹਮਈ ਦੁਰਗ ਅਤੇ ਮੁਸਾਫ਼ਰਾਂ ਲਈ ਵਿਸ਼ਰਾਮ ਦਾ ਅਸਥਾਨ ਹੈ।"[6]

ਇਸ ਤਰ੍ਹਾਂ ਗੁਰਦੁਆਰੇ ਵਿਚ ਵਿਦਿਆ ਕੇਂਦਰ, ਗਿਆਨ ਭੰਡਾਰ, ਹਸਪਤਾਲ, ਲੰਗਰ, ਨਿਤਾਣਿਆਂ ਦੀ ਰੱਖਿਆ ਦਾ ਪ੍ਰਬੰਧ ਅਤੇ ਸਰਾਂ ਹੋਣੀ ਜ਼ਰੂਰੀ ਹੈ। ਇਥੇ ਸੇਵਾ ਦੇ ਅਨੇਕਾਂ ਮੌਕੇ ਹਨ। ਹੁਣ ਤਕ ਸਿੱਖਾਂ ਦੇ ਗੁਰਦੁਆਰਿਆਂ ਵਿਚ ਇਹ ਸਾਰਾ ਕੁਝ ਹੁੰਦਾ ਵੀ ਆਇਆ ਹੈ।

ਲੰਗਰ ਦੀ ਪ੍ਰਥਾ ਗੁਰੂ ਸਾਹਿਬਾਨ ਦੇ ਵੇਲੇ ਤੋਂ ਹੀ ਪ੍ਰਚੱਲਿਤ ਹੈ। ਗੁਰੂ ਅੰਗਦ ਦੇਵ ਜੀ ਦੇ ਸਮੇਂ ਲੰਗਰ ਦੀ ਸੇਵਾ ਬਾਰੇ ਬਲਵੰਡ ਰਬਾਬੀ ਲਿਖਦਾ ਹੈ:

ਲੰਗਰ ਚਲੈ ਗੁਰ ਸਬਦਿ ਹਰਿ ਤੋਟਿ ਨ ਆਵੀ ਖਟੀਐ॥
ਲੰਗਰਿ ਦਉਲਤਿ ਵੰਡੀਐ ਰਸ ਅੰਮ੍ਰਿਤੁ ਖੀਰ ਘਿਆਲੀ॥ (ਪੰ: 967)

ਉਸ ਵੇਲੇ ਆਟਾ ਹੱਥ-ਚੱਕੀਆਂ ਨਾਲ ਪੀਸਿਆ ਜਾਂਦਾ ਸੀ, ਪਾਣੀ ਦੀ ਕਿੱਲਤ ਹੁੰਦੀ ਸੀ। ਗਰਮੀ ਵਿਚ ਪੱਖੇ ਦੀ ਲੋੜ ਹੁੰਦੀ ਸੀ। ਇਸ ਕਰਕੇ ਗੁਰਬਾਣੀ ਵਿਚ ਇਹਨਾਂ ਸੇਵਾਵਾਂ ਦਾ ਬਹੁਤ ਵਾਰ ਜ਼ਿਕਰ ਆਇਆ ਹੈ :

ਪਖਾ ਫੇਰੀ ਪਾਣੀ ਢੋਵਾ ਹਰਿ ਜਨ ਕੈ ਪੀਸਣੁ ਪੀਸ ਕਮਾਵਾ॥ (ਪੰਨਾ 749)
ਪਾਣੀ ਪਖਾ ਪੀਸੁ ਦਾਸ ਕੈ ਤਬ ਹੋਇ ਨਿਹਾਲੁ॥ (ਪੰ: 811)

ਭਾਈ ਸੰਤੋਖ ਸਿੰਘ ਜੀ[7] ਗੁਰੂ ਹਰਿ ਰਾਇ ਜੀ ਦੇ ਲੰਗਰ ਸੰਬੰਧੀ ਉਪਦੇਸ਼ ਨੂੰ ਕਲਮਬੰਦ ਕਰਦੇ ਹਨ :

ਸ੍ਰੀ ਸਤਿਗੁਰ ਹਰਿ ਰਾਇ ਜੀ ਸਿਖਨ ਦੇ ਉਪਦੇਸ਼।
ਗੁਰੂ ਨਮਿਤ ਲੰਗਰ ਕਰਹੁ ਹੁਇ ਕਲਿਆਨ ਵਿਸ਼ੇਸ਼।
ਇਸ ਸਤਿਗੁਰ ਤੇ ਸੁਨ ਸਿਖ ਜਾਵੈ। ਨਿਜ ਨਿਜ ਗ੍ਰਿਹ ਲੰਗਰ ਵਰਤਾਵੈ।
ਭੂਖਾ ਰਹਿਨ ਨ ਕੋਈ ਪਾਇ। ਸਭ ਸੰਗਤ ਕੋ ਦੇ ਤ੍ਰਿਪਤਾਇ।
ਪੁਰ ਗ੍ਰਾਮਨ ਮਹਿ ਗੁਰ ਸਿਖ ਜਹਾ। ਛੁਧਿਤ ਸੁ ਭੋਜਨ ਪ੍ਰਾਪਤ ਤਹਾ।
ਨਿਰਧਨ ਰੰਕ ਅਨਾਥ ਮਹਾਨੇ। ਅੰਗ ਭੰਗ ਹੁਇ ਮਿਲੈ ਨ ਖਾਨੇ।

ਪਰ ਇਹ ਲੰਗਰ ਉਸ ਤਰ੍ਹਾਂ ਭੰਡਾਰੇ ਨਹੀਂ ਸੀ ਹੁੰਦੇ ਜਿਵੇਂ ਮਲਕ ਭਾਗੋ ਨੇ ਕੀਤਾ ਸੀ। ਇਹਨਾਂ ਵਿਚ ਲੁੱਟ ਦਾ ਪੈਸਾ ਜਾਂ ਪਦਾਰਥ ਪ੍ਰਯੋਗ ਨਹੀਂ ਸੀ ਕੀਤੇ ਜਾਂਦੇ। ਗੁਰੂ ਘਰ ਵਿਚ ਹਰਾਮ ਦੀ ਕਮਾਈ ਪਰਵਾਨ ਨਹੀਂ। ਗੁਰਬਾਣੀ ਵਿਚ ਲਿਖਿਆ ਹੈ :

ਘਾਲਿ ਖਾਇ ਕਿਛੁ ਹਥਹੁ ਦੇਇ॥ ਨਾਨਕ ਰਾਹੁ ਪਛਾਣਹਿ ਸੇਇ॥ (ਪੰ: 1245)

ਇਹਨਾਂ ਲੰਗਰਾਂ ਵਿਚ ਹੱਥੀਂ ਸੇਵਾ ਕਰਨ ਦਾ ਬਹੁਤ ਮਹੱਤਵ ਸਮਝਿਆ ਜਾਂਦਾ ਸੀ। ਅੰਨ-ਧੰਨ ਤਾਂ ਪਹਿਲਾਂ ਹੀ ਗੁਰੂ ਦਾ ਸਮਝਿਆ ਜਾਂਦਾ ਹੈ ਅਤੇ ਸਿੱਖਾਂ ਦੀ ਟਹਿਲ ਸੇਵਾ ਹੀ ਪਰਵਾਨ ਹੁੰਦੀ ਹੈ। ਭਾਈ ਗੁਰਦਾਸ ਜੀ ਉਚਾਰਦੇ ਹਨ :

ਗੁਰ ਸਿਖਾ ਗੁਰ ਸਿਖ ਸੇਵਾ ਲਾਇਆ। ਸਾਧਸੰਗਤਿ ਕਰਿ ਸੇਵ ਸੁਖ ਫਲ ਪਾਇਆ।

ਤਪੜੁ ਝਾੜਿ ਵਿਛਾਇ ਧੂੜੀ ਨਾਇਆ। ਕੋਰੇ ਮੱਟ ਅਣਾਇ ਨੀਰੁ ਭਰਾਇਆ।

ਆਣਿ ਮਹਾਪਰਸਾਦ ਵੰਡਿ ਖੁਆਇਆ। (ਵਾਰ 20, ਪਉ: 10)

ਜੇ ਕੋਈ ਸੰਗਤ ਨੂੰ ਕੇਵਲ ਛੋਲੇ ਹੀ ਖੁਆ ਸਕਦਾ ਹੈ ਤਾਂ ਉਸ ਦਾ ਮਹਾਤਮ ਵੀ ਲੱਖ ਹੋਮ ਜੱਗਾਂ ਦੇ ਬਰਾਬਰ ਦੱਸਿਆ ਗਿਆ ਹੈ:

ਹੋਮ ਜਗ ਲਖ ਭੋਗ ਚਣੇ ਚਬਾਵਣੀ॥ (ਵਾਰ 14, ਪਉ: 19)

ਅੱਜ ਕੱਲ੍ਹ ਲਗਭਗ ਹਰ ਗੁਰਦੁਆਰੇ ਵਿਚ ਲੰਗਰ ਦਾ ਪ੍ਰਬੰਧ ਹੈ। ਪਰ ਇਸ ਲੰਗਰ ਵਿਚ ਅੱਜ ਦੇ ਯੁਗ ਅਨੁਸਾਰ ਸੁਧਾਰ ਕਰਨ ਦੀ ਲੋੜ ਹੈ। ਗੁਰਪੁਰਬਾਂ ਤੇ ਕਈ ਵਾਰ ਦੇਖਣ ਵਿਚ ਆਇਆ ਹੈ ਕਿ ਲੰਗਰ ਵਿਚ ਭੀੜ ਸਮੇਂ ਧੱਕਾ-ਮੁੱਕੀ ਚਲ ਜਾਂਦੇ ਹਨ। ਜਿਹੜੇ ਲੋਕ ਲੰਗਰ ਦੇ ਅਧਿਕਾਰੀ ਹਨ ਉਹ ਬਾਹਰ ਖੜੇ ਹੁੰਦੇ ਹਨ ਅਤੇ ਉਹਨਾਂ ਨੂੰ ਬਚਿਆ ਖੁਚਿਆ ਲੰਗਰ ਦਿੱਤਾ ਜਾਂਦਾ ਹੈ। ਕਈ ਵਾਰ ਤਾਂ ਪੰਜਾਬ ਤੋਂ ਬਾਹਰਲੇ ਸੂਬਿਆਂ ਵਿਚ ਪੱਤਲਾਂ ਵਿਚ ਕੁਝ ਲੋਕ ਜੂਠਾ ਭੋਜਨ ਇਕੱਠਾ ਕਰਦੇ ਵੀ ਨਜ਼ਰ ਆਉਂਦੇ ਹਨ। ਕਿੰਨਾ ਚੰਗਾ ਹੋਵੇ ਜੇ ਅਜਿਹੇ ਲੋੜਵੰਦ ਲੋਕਾਂ ਦੀ ਭੁੱਖ ਦੂਰ ਕਰਨ ਦਾ ਸਥਾਈ ਜਤਨ ਕੀਤਾ ਜਾਵੇ ਤਾਂ ਇਹ ਇਕ ਨਿੱਗਰ ਸੇਵਾ ਹੋਵੇਗੀ। ਪਰ ਜੇ ਅਜੋਕੇ ਰਾਜ-ਪ੍ਰਬੰਧ ਅਧੀਨ ਅਜਿਹਾ ਨਾ ਕੀਤਾ ਜਾ ਸਕੇ ਤਾਂ ਅਜਿਹੇ ਸਮਾਗਮਾਂ ਤੇ ਪਹਿਲਾਂ ਗਰੀਬ ਲੋਕਾਂ ਨੂੰ ਰੱਜ ਕੇ ਭੋਜਨ ਛਕਾਇਆ ਜਾਵੇ ਫਿਰ ਆਪ ਸਿੱਖ ਸੰਗਤਾਂ ਭੋਜਨ ਕਰਨ। ਇਹ ਚੰਗੇਰੀ ਸੇਵਾ ਹੋਵੇਗੀ।

ਪ੍ਰੇਮ ਸੁਮਾਰਗ ਵਿਚ ਲਿਖਿਆ ਹੈ ਕਿ 'ਪ੍ਰਸਾਦ ਜਬ ਤਿਆਰ ਹੋਇ ਏਕ ਜਗਾਹ ਅੱਛੀ ਬਨਾਇਕੇ ਸਤਰੰਜੀ ਕੰਬਲ ਲੋਈ ਕਿਛੁ ਹੇਠ ਕਪੜਾ ਹੋਵੈ ਵਿਛਾਏ, ਤਿਸ ਪਰ ਬੈਠ ਕਪੜਿਆਂ ਨਾਲ ਢਕੈ, ਚਉਂਕੇ ਕਾ ਭ੍ਰਮ ਨਾ ਕਰੈ, ਖਾਣਾ ਪੀਣਾ ਪਵਿੱਤਰ ਹੈ, ਅਕਾਲ ਦੀ ਬਖਸ਼ ਹੈ ਅਰ ਉਸ ਵਕਤ ਜੋ ਪ੍ਰਸਾਦ ਪਰੋਸ ਕੇ ਅੱਗੇ ਰੱਖੀਐ, ਧਿਆਨ ਪਰਮ ਗੁਰੂ ਕਾ ਕਰੋ, ਅਰ ਮਨ ਬਚ ਕ੍ਰਮ ਕਹੈ ਜੋ 'ਏ ਸ੍ਰੀ ਅਕਾਲ ਪੁਰਖ' ਕੋਈ ਜੀਅ ਤਲਬਦਾਰ ਭੇਜ ਜੋ ਖਾਲਸੇ ਕਾ ਇਹ (ਪ੍ਰਸਾਦ), ਪਵਿੱਤਰ ਹੋਵੈ ਕਬੂਲ ਹੋਵੇ ਅਤੇ ਜੇ ਕੋਈ ਸਹਿਜ ਆਵੈ ਤਾਂ ਜਾਣੈ ਜੋ ਆਪ ਬਣ ਆਇਆ ਹੈ, ਇਸ ਵਿਚ ਭੇਦ ਨਾਹੀ, ਅੱਛੀ ਜੁਗਤਿ ਨਾਲ ਆਦਰ ਨਾਲ ਖੁਲਾਵੈ ਖੁਸ਼ੀ ਲੇਵੈ, ਜੋ ਕਟਾਚ ਆਪ ਤੇ ਕੋਈ ਨਾ ਆਵੇ ਤਾਂ ਇਕ ਅਹਾਰ ਪਰੋਸਵਾਇਕੈ ਪਹਿਲਾਂ ਹੀ ਜੁਦਾ ਕਰ ਛਡੇ, ਫੇਰ ਜੇ ਕੋਈ ਹਿੰਦੂ, ਮੁਸਲਮਾਨ, ਖਾਲਸਾ ਖੁਧਿਆਰਥੀ ਆਵੈ ਉਸ ਨੂੰ ਦੇਵੈ, ਏ ਪ੍ਰਸ਼ਾਦ ਦਰਗਾਹ ਕਬੂਲ ਪਵੰਦਾ ਹੈ, ਇਸ ਵਿਚ ਫੇਰ ਨਾਹੀ।'[8]

ਭਾਈ ਚੋਪਾ ਸਿੰਘ ਦੇ ਰਹਤਨਾਮੇ ਵਿਚ ਲਿਖਿਆ ਹੈ, "ਗੁਰੂ ਕਾ ਸਿੱਖ ਗਰੀਬ ਕੀ ਰਸਨਾ ਕੋ ਗੁਰੂ ਕੀ

ਗੋਲਕ ਜਾਣੇ।"[9]ਅਸੀਂ ਉਸ ਗੁਰੂ ਕਾ ਲੰਗਰ ਆਪ ਹੀ ਛਕਣ ਦੀ ਕੋਸ਼ਿਸ਼ ਕਰਦੇ ਹਾਂ ਜਿਸ ਗੁਰੂ ਨੇ ਭੁੱਖੇ ਫ਼ਕੀਰਾਂ ਨੂੰ ਲੰਗਰ ਛਕਾਉਣ ਬਦਲੇ ਆਪਣੇ ਪਿਤਾ ਕੋਲੋਂ ਚੁਪੇੜਾਂ ਖਾਧੀਆਂ ਸਨ। ਕੀ ਅਸੀਂ ਗੁਰੂ ਦੀ ਉਸ ਭਾਵਨਾ ਨੂੰ ਸਮਝਦੇ ਹੋਏ ਲੰਗਰ ਦੀ ਪ੍ਰਥਾ ਨੂੰ ਜਾਰੀ ਰੱਖ ਰਹੇ ਹਾਂ? ਸੇਵਾ ਸੰਬੰਧੀ ਵਿਚਾਰ ਕਰਦਿਆਂ ਇਹ ਪ੍ਰਸ਼ਨ ਵੀ ਧਿਆਨ ਵਿਚ ਰੱਖਣਾ ਚਾਹੀਦਾ ਹੈ। ਗੁਰਦੁਆਰੇ ਜਾ ਕੇ ਸੇਵਾ ਕਰਨ ਨਾਲ ਹੱਥ ਸਫਲ ਸਮਝੇ ਜਾਂਦੇ ਹਨ। ਭਾਈ ਗੁਰਦਾਸ ਜੀ ਵੱਖ-ਵੱਖ ਸੇਵਾਵਾਂ ਦਾ ਜ਼ਿਕਰ ਕਰਦਿਆਂ ਲਿਖਦੇ ਹਨ :

ਗੁਰਮੁਖ ਹਥਿ ਸਕਥ ਹਨਿ ਸਾਧ ਸੰਗਤਿ ਗੁਰ ਕਾਰ ਕਮਾਵੈ।
ਪਾਣੀ ਪੱਖਾ ਪੀਹਣਾ ਪੈਰ ਧੋਇ ਚਰਣਾਮ੍ਰਿਤ ਪਾਵੈ।
ਗੁਰਬਾਣੀ ਲਿਖਿ ਪੋਥੀਆਂ ਤਾਲ ਮ੍ਰਿਦੰਗ ਰਬਾਬ ਵਜਾਵੇ। (ਵਾਰ 6, ਪਉ: 12)

ਪਾਣੀ ਢੋਣ, ਪੱਖਾ ਝੱਲਣ ਅਤੇ ਆਟਾ ਪੀਸਣ ਦੀ ਸੇਵਾ ਤੋਂ ਇਲਾਵਾ ਪੈਰ ਧੋਣ ਦੀ ਸੇਵਾ ਦਾ ਜ਼ਿਕਰ ਵੀ ਅਨੇਕਾਂ ਵਾਰ ਆਉਂਦਾ ਹੈ। ਇਥੇ ਪੈਰ ਕਿਸੇ ਮਹਾਂਪੁਰਖ ਦੇ ਹੀ ਨਹੀਂ ਧੋਤੇ ਜਾਂਦੇ ਸਗੋਂ ਜੋ ਵੀ ਗੁਰਦੁਆਰੇ ਆਉਂਦਾ ਹੈ, ਉਸ ਦੇ ਪੈਰ ਧੋਣ ਦੀ ਗੱਲ ਕੀਤੀ ਗਈ ਹੈ। ਪੁਰਾਤਨ ਕਾਲ ਵਿਚ ਲੋਕ ਦੂਰ ਦੂਰ ਤੋਂ ਪੈਦਲ ਚਲ ਗੁਰਦੁਆਰੇ ਆਉਂਦੇ ਸਨ। ਰਾਹ ਵਿਚ ਮਿੱਟੀ ਘੱਟਾ ਆਮ ਹੁੰਦਾ ਸੀ। ਪੈਰ ਧੋਣ ਨਾਲ ਜਿਥੇ ਸਫ਼ਾਈ ਹੁੰਦੀ ਸੀ ਉਥੇ ਥਕਾਵਟ ਵੀ ਦੂਰ ਹੁੰਦੀ ਸੀ। ਪੈਰ ਧੋਣ ਦੀ ਸੇਵਾ ਕਰਨ ਵਾਲੇ ਦੇ ਮਨ ਵਿਚੋਂ ਹਉਮੈ ਦੀ ਮੈਲ ਵੀ ਦੂਰ ਹੁੰਦੀ ਸੀ। ਇੰਜ ਸੰਗਤ ਵਿਚ ਜੁੜਨ ਦਾ ਵਧੇਰੇ ਅਨੰਦ ਆਉਂਦਾ ਸੀ। ਗੁਰਬਾਣੀ ਦਾ ਪ੍ਰਭਾਵ ਵਧੇਰੇ ਪੈਂਦਾ ਸੀ। ਅੱਜ ਕਈ ਅਖੌਤੀ ਅਗਿਆਨੀ ਲੋਕ ਕਾਰਾਂ ਉੱਤੇ ਚੜ੍ਹਨ ਵਾਲੇ ਅਖੌਤੀ ਸੰਤਾਂ ਦੇ ਜੁਰਾਬਾਂ ਵਾਲੇ ਪੈਰਾਂ ਨੂੰ ਧੋ ਕੇ ਸਮਝਦੇ ਹਨ ਕਿ ਉਹ ਸੇਵਾ ਕਰ ਰਹੇ ਹਨ ਜਦੋਂ ਕਿ ਅਨੇਕਾਂ ਲੋਕ ਨੰਗੇ ਪੈਰ ਆਪਣਾ ਕਾਰ ਵਿਹਾਰ ਕਰਕੇ ਉਮਰ ਨੂੰ ਧੱਕਾ ਦੇ ਰਹੇ ਹਨ। ਇਨ੍ਹਾਂ ਕਾਰਾਂ ਵਾਲੇ ਸੰਤਾਂ ਦੇ ਪੈਰ ਨਾਲੋਂ ਉਹਨਾਂ ਪੈਰੋਂ ਨੰਗੇ ਲੋਕਾਂ ਦੀ ਸੌਖ ਦਾ ਕੋਈ ਪ੍ਰਬੰਧ ਕਰਨਾ ਕਿਤੇ ਵੱਡੀ ਸੇਵਾ ਹੈ।

ਭਾਈ ਗੁਰਦਾਸ ਜੀ ਗੁਰਬਾਣੀ ਦੀਆਂ ਪੋਥੀਆਂ ਲਿਖਣ ਨੂੰ ਵੀ ਸੇਵਾ ਕਹਿੰਦੇ ਹਨ। ਇਸ ਦਾ ਅਰਥ ਹੈ ਕਿ ਗੁਰਬਾਣੀ ਦਾ ਚਾਨਣ ਹਰ ਥਾਂ ਪੁਚਾਉਣ ਦਾ ਪ੍ਰਬੰਧ ਕਰਨਾ। ਪੁਰਾਣੇ ਜ਼ਮਾਨੇ ਵਿਚ ਛਾਪਾਖ਼ਾਨਾ ਨਹੀਂ ਸੀ। ਇਸ ਲਈ ਉਸ ਯੁਗ ਵਿਚ ਗੁਰਬਾਣੀ ਦੀਆਂ ਪੋਥੀਆਂ ਲਿਖ ਕੇ ਪ੍ਰਚਾਰ ਦਾ ਕੰਮ ਕੀਤਾ ਜਾਂਦਾ ਸੀ। ਗੁਰਦੁਆਰਿਆਂ ਵਿਚ ਇਹਨਾਂ ਪੋਥੀਆਂ ਤੋਂ ਵਿਦਿਆਰਥੀਆਂ ਨੂੰ ਵਿਦਿਆ ਪੜ੍ਹਾਈ ਜਾਂਦੀ ਸੀ। ਅੱਜ ਦੇ ਯੁਗ ਵਿਚ ਗੁਰਬਾਣੀ ਦੀ ਸਿਖਿਆ ਦਾ ਪ੍ਰਚਾਰ ਕਰਨ ਲਈ ਜੋ ਵੀ ਉੱਦਮ ਕੀਤਾ ਜਾਵੇ, ਉਸ ਨੂੰ ਇਸ ਸੇਵਾ ਅਧੀਨ ਗਿਣਿਆ ਜਾਣਾ ਚਾਹੀਦਾ ਹੈ। ਅਨੇਕਾਂ ਸਿੱਖ ਸੰਸਥਾਵਾਂ ਨੇ ਗੁਰੂ ਸਾਹਿਬਾਨ ਦੇ ਨਾਵਾਂ ਨੂੰ ਪ੍ਰਯੋਗ ਕਰਕੇ ਸਕੂਲ ਖੋਹਲੇ ਹੋਏ ਹਨ। ਪਰ ਉਹਨਾਂ ਦਾ ਜਿਹੜਾ ਹਾਲ ਹੁੰਦਾ ਹੈ, ਉਹ ਆਮ ਸਕੂਲਾਂ ਨਾਲੋਂ ਵੀ ਮਾੜਾ ਹੁੰਦਾ ਹੈ। ਇਹ ਸੇਵਾ ਦਾ ਕੇਂਦਰ ਨਹੀਂ; ਸਗੋਂ ਪ੍ਰਬੰਧਕਾਂ ਦੀ ਹਉਮੈ ਨੂੰ ਪੱਠੇ ਪਾਉਣ ਦੇ ਕੇਂਦਰ ਬਣ ਜਾਂਦੇ ਹਨ। ਇਥੇ ਵਿਦਿਆ ਵੀ ਇਕ ਖ਼ਾਸ ਤਰ੍ਹਾਂ ਦੇ ਕੁਲੀਨ ਵਰਗ ਨੂੰ ਦਿੱਤੀ ਜਾਂਦੀ ਹੈ। ਅੱਵਲ ਤਾਂ ਸਮੁੱਚੀ ਮਨੁੱਖਤਾ ਦੀ ਅਨਪੜ੍ਹਤਾ ਬਾਰੇ ਸੋਚਣਾ ਹਰ ਸਿੱਖ ਦਾ ਫ਼ਰਜ਼ ਹੈ ਪਰ ਜੋ ਕੇਵਲ ਸਿੱਖ ਜਨਤਾ ਬਾਰੇ ਹੀ ਸੋਚਣਾ ਹੋਵੇ ਤਾਂ

ਵੀ ਅਨੇਕਾਂ ਸਿੱਖ ਬੱਚੇ ਬੱਚੀਆਂ ਅਜੇ ਵੀ ਨਿਰਅੱਖਰ ਹਨ। ਪੱਖਪਾਤ ਤੇ ਨਾਜਾਇਜ਼ ਰਿਆਇਤ ਨੂੰ ਛੱਡ ਕੇ ਇਹਨਾਂ ਦੀ ਵਿਦਿਆ ਅਤੇ ਰੁਜ਼ਗਾਰ ਦਾ ਪ੍ਰਬੰਧ ਕਰਨਾ ਵੀ ਸਿੱਖਾਂ ਦੀ ਸੇਵਾ ਵਿਚ ਗਿਣਿਆ ਜਾਵੇ ਤਾਂ ਸ਼ਾਇਦ ਗੁਰਮਤਿ ਦਾ ਵਧੇਰੇ ਪ੍ਰਚਾਰ ਹੋ ਸਕੇ। ਅਨੇਕਾਂ ਬੱਚੇ ਅਜਿਹੇ ਹਨ ਜਿਹੜੇ ਗੁਰਮੁਖੀ ਅੱਖਰਾਂ ਤੋਂ ਵੀ ਅਣਜਾਣ ਹਨ। ਗੁਰਮੁਖੀ ਅੱਖਰਾਂ ਨੂੰ ਜਾਣੇ ਬਿਨਾਂ ਕੋਈ ਗੁਰੂ ਗ੍ਰੰਥ ਸਾਹਿਬ ਦਾ ਪਾਠ ਨਹੀਂ ਕਰ ਸਕਦਾ। ਜੇ ਕੋਈ ਆਪਣੇ ਗੁਰੂ ਦੇ ਬਚਨ ਵਾਚ ਹੀ ਨਹੀਂ ਸਕਦਾ, ਉਹ ਸਿੱਖ ਕਿਵੇਂ ਹੋ ਸਕਦਾ ਹੈ? ਕੇਵਲ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੀੜ ਨੂੰ ਮੱਥਾ ਟੇਕਣ ਵਾਲਾ ਸਿੱਖ ਬਣ ਸਕਦਾ ਹੁੰਦਾ ਤਾਂ ਭਾਈ ਗੁਰਦਾਸ ਜੀ ਗੁਰਬਾਣੀ ਦੀਆਂ ਪੋਥੀਆਂ ਲਿਖਣ ਵਾਲੀ ਸੇਵਾ ਦੀ ਲੋੜ ਨਾ ਸਮਝਦੇ। ਭਾਈ ਗੁਰਦਾਸ ਜੀ ਮ੍ਰਿਦੰਗ ਅਤੇ ਰਬਾਬ ਤਾਲ ਰਾਗਾਂ ਵਿਚ ਵਜਾਉਣ ਨੂੰ ਵੀ ਸੇਵਾ ਗਿਣਦੇ ਹਨ। ਇਸ ਬਾਰੇ ਭਾਈ ਕਾਹਨ ਸਿੰਘ ਨਾਭਾ ਜੀ ਦਾ ਕਥਨ ਹੈ:

"ਭਾਈ ਸਾਹਿਬ (ਗੁਰਦਾਸ ਜੀ) ਹੱਕਾਂ ਦੀ ਸਫ਼ਲਤਾ ਲਈ ਹੋਰ ਸ਼ੁਭ ਕਰਮਾਂ ਵਿਚ ਮ੍ਰਿਦੰਗ ਅਤੇ ਰਬਾਬ ਦਾ ਵਜਾਉਣਾ ਵੀ ਦਸਦੇ ਹਨ। ਸਾਨੂੰ ਸ਼ੋਕ ਨਾਲ ਲਿਖਣਾ ਪਿਆ ਕਿ ਸਿੱਖਾਂ ਨੇ ਸੰਗੀਤ ਵਿਦਿਆ ਗੁਰੂ ਅਰਜਨ ਦੇਵ ਜੀ ਦੀ ਦੱਸੀ ਹੋਈ ਮੁੱਢੋਂ ਹੀ ਭੁਲਾ ਦਿੱਤੀ ਹੈ। ਰਬਾਬ, ਸਰੰਦਾ ਅਤੇ ਮ੍ਰਿਦੰਗ ਤਾਂ ਸ਼ਾਇਦ ਇਕ ਰਾਗੀ ਭੀ ਚੰਗੀ ਤਰ੍ਹਾਂ ਨਾ ਵਜਾ ਸਕਦਾ ਹੋਵੇ। ਅੱਜ ਕੱਲ੍ਹ ਦੇ ਰਾਗੀ ਮਾਮੂਲੀ ਗੀਤਾਂ ਉਪਰ ਸ਼ਬਦਾਂ ਦੀ ਧਾਰਣਾ ਬਣਾ ਕੇ ਗਾਉਂਦੇ ਹਨ। ਉਹਨਾਂ ਨੂੰ ਪਤਾ ਭੀ ਨਹੀਂ ਕਿ ਛੰਦ, ਪੜਤਾਲ ਅਤੇ ਪੌੜੀ ਆਦਿਕ ਕਿਸ ਤਰ੍ਹਾਂ ਗਾਈਦੇ ਹਨ। ਔਰ ਰਬਾਬ ਵਿਚ ਵੀਣਾ ਦਾ ਬਾਜ ਅਤੇ ਸਰੰਦੇ ਦਾ ਅਲਾਪ ਮ੍ਰਿਦੰਗ ਦੀਆਂ ਪਰਣਾ ਨਾਮ-ਮਾਤਰ ਭੀ ਨਹੀਂ ਜਾਣਦੇ ਅਤੇ ਦਸਮ ਗ੍ਰੰਥ ਵਿਖੇ ਲਿਖੇ ਸੰਗੀਤ ਛਪੈ ਆਦਿ ਛੰਦ (ਜਿਨ੍ਹਾਂ ਵਿਚ ਪਖਾਵਜ ਦੇ ਬੋਲ ਹਨ) ਪੜ੍ਹ ਭੀ ਨਹੀਂ ਸਕਦੇ। ਛਣਕਾਰ ਅਤੇ ਕੜਕਟ ਦਾ ਨਾਉਂ ਕੀਰਤਨ ਬਣਾ ਲਿਆ ਹੈ। ਜਿਸ ਦਾ ਰਸ ਸਰੋਤਿਆਂ ਨੂੰ ਕੁਝ ਭੀ ਨਹੀਂ ਆਉਂਦਾ; ਸਗੋਂ ਦੀਵਾਨ ਵਿਚੋਂ ਛੁਟਕਾਰਾ ਪਾਉਣ ਲਈ ਜਤਨ ਕਰਨਾ ਪੈਂਦਾ ਹੈ। ਕੇਹਾ ਅੱਛਾ ਹੋਵੇ ਜੇ ਅਜੇ ਭੀ ਪੁਰਾਣੀਆਂ ਸਾਧਨਾ ਨੂੰ ਕਾਇਮ ਰਖਣ ਦਾ ਜਤਨ ਕੀਤਾ ਜਾਵੇ ਔਰ ਪੰਥ ਮੁਖੀਏ ਇਕ ਸੰਗੀਤ ਆਸ਼ਰਮ ਬਣਾ ਕੇ ਲਾਇਕ ਰਾਗੀ ਉਤਪੰਨ ਕਰ ਸਕਨ।"[10]

ਗੁਰੂ ਗ੍ਰੰਥ ਸਾਹਿਬ ਜੀ ਦੀ ਲਗਭਗ ਸਾਰੀ ਬਾਣੀ ਸੰਗੀਤ ਕਲਾ ਉਪਰ ਆਧਾਰਤ ਹੈ। ਗੁਰੂ ਸਾਹਿਬ ਨੇ ਇਸ ਦਾ ਉਚਾਰਣ ਕਰਨ ਲਈ ਵਿਸ਼ੇਸ਼ ਤੌਰ ਤੇ ਨਿਰਦੇਸ਼ ਦਿੱਤੇ ਹਨ। ਹਰ ਸ਼ਬਦ ਉਪਰ ਰਾਗ ਦਾ ਨਾਂ ਦਿੱਤਾ ਹੈ। ਇਸ ਲਈ ਸੰਗੀਤ ਕਲਾ ਦੀ ਜਾਣਕਾਰੀ ਸਿੱਖਾਂ ਲਈ ਜ਼ਰੂਰੀ ਹੈ। ਗੁਰੂ ਅਰਜਨ ਦੇਵ ਜੀ ਨੇ ਇਸ ਕੰਮ ਨੂੰ ਖਾਨਦਾਨੀ ਸੀਮਾਵਾਂ ਵਿਚ ਨਹੀਂ ਰਹਿਣ ਦਿੱਤਾ; ਸਗੋਂ ਆਮ ਸਿੱਖਾਂ ਨੂੰ ਇਹ ਵਿਦਿਆ ਸਿਖਾਉਣ ਦੇ ਪ੍ਰਬੰਧ ਕੀਤੇ। ਇਸੇ ਭਾਵਨਾ ਅਧੀਨ ਸਿੱਖ ਸੰਸਥਾਵਾਂ ਨੇ ਵੀ ਸੰਗੀਤ ਵਿਦਿਆਰਥੀਆਂ ਦਾ ਪ੍ਰਬੰਧ ਕੀਤਾ, ਪਰ ਇਸ ਵਿਦਿਆ ਦਾ ਕੀਰਤਨ ਰੂਪ ਅੱਜ ਚੰਗੀ ਹਾਲਤ ਵਿਚ ਨਹੀਂ। ਹੁਣ ਇਸ ਕਾਰਜ ਨੂੰ ਸੇਵਾ ਨਹੀਂ ਸਮਝਿਆ ਜਾਂਦਾ। ਕੀਰਤਨੀਏ ਸਿੱਖ ਲੋਕਾਂ ਦੇ ਕੰਨ ਰਸ ਲਈ ਰਾਗਦਾਰੀ ਛੱਡ ਗਏ ਹਨ। ਉਹ ਸ਼ਬਦਾਂ ਦੀਆਂ ਟੇਕਾਂ ਰਹਾਉ ਵਾਲੀਆਂ ਤੁਕਾਂ ਨੂੰ ਨਹੀਂ ਬਣਾਉਂਦੇ; ਸਗੋਂ ਮਨ ਮਰਜ਼ੀ ਦੀਆਂ ਤੁਕਾਂ ਰਖਦੇ ਹਨ ਅਤੇ ਸਿੱਖ ਸੰਗਤਾਂ ਵੀ ਸਾਧਾਰਣ ਕੀਰਤਨ ਪਸੰਦ ਕਰਨ ਲਗ ਪਈਆਂ ਹਨ। ਹੋਰ ਤਾਂ ਹੋਰ ਸਿੱਖੀ ਦੇ ਮਹਾਨ ਕੀਰਤਨ ਕੇਂਦਰ

ਸ੍ਰੀ ਹਰਿਮੰਦਰ ਸਾਹਿਬ ਵਿਚੋਂ ਵੀ ਪਰੰਪਰਾਈ ਕੀਰਤਨ ਦੀ ਧੁਨ ਘੱਟ ਵੱਧ ਹੀ ਸੁਣਾਈ ਦਿੰਦੀ ਹੈ। ਇਸ ਸੇਵਾ ਵੱਲ ਵਿਸ਼ੇਸ਼ ਧਿਆਨ ਦੇਣ ਦੀ ਲੋੜ ਹੈ।

ਅੱਜ ਦੇ ਯੁੱਗ ਵਿਚ ਲੋੜਾਂ ਤਬਦੀਲ ਹੋ ਗਈਆਂ ਹਨ। ਵਿਸ਼ੇਸ਼ ਕਰਦੇ ਧਨੀ ਲੋਕ ਧਨ ਰਾਹੀ ਸੇਵਾ ਬਹੁਤੀ ਕਰਨ ਲਗ ਪਏ ਹਨ। ਸੰਗਮਰਮਰ ਦੀਆਂ ਸਿਲਾਂ 'ਤੇ ਆਪਣਾ ਨਾਂ ਉੱਕਰਿਆ ਵੇਖਣਾ ਚਾਹੁੰਦੇ ਹਨ। ਇਹੋ ਜਿਹੀ ਸੇਵਾ ਇਮਾਰਤਾਂ ਨੂੰ ਸ਼ਿੰਗਾਰਨ ਅਤੇ ਸੋਨਾ ਲਗਾਉਣ ਤਕ ਹੀ ਸੀਮਤ ਰਹਿ ਜਾਂਦੀ ਹੈ। ਇਹੋ ਜਿਹੀ ਸੇਵਾ ਕਰਨ ਵਾਲਿਆਂ ਦੇ ਮਨ ਵਿਚ ਕਈ ਬਾਕੀ ਧਰਮਾਂ ਦੀਆਂ ਇਮਾਰਤਾਂ ਤੋਂ ਮਹਿੰਗੀਆਂ ਇਮਾਰਤਾਂ ਬਣਾਉਣ ਦੀ ਭਾਵਨਾ ਹੀ ਕੰਮ ਕਰਦੀ ਹੈ। ਲੋਕ ਭਲਾਈ ਜਾਂ ਸਿੱਖੀ ਪ੍ਰਚਾਰ ਦੀ ਭਾਵਨਾ ਕੰਮ ਨਹੀਂ ਕਰਦੀ। ਬੇਅੰਤ ਪੈਸਾ ਇਸ ਪਾਸੇ ਖ਼ਰਚ ਹੋ ਰਿਹਾ ਹੈ; ਪਰ ਇਸ ਦਾ ਪ੍ਰਭਾਵ ਸ਼ੰਕਾਗ੍ਰਸਤ ਹੈ। ਲੋੜ ਹੈ ਕਿ ਗੁਰਬਾਣੀ ਦੀ ਰੌਸ਼ਨੀ ਵਿਚ ਸੇਵਾ ਨੂੰ ਸਫਲ ਕਰਨ ਦਾ ਜਤਨ ਕਰੀਏ।

ਗੁਰੂ ਅਮਰਦਾਸ ਜੀ ਸੇਵਾ ਦੇ ਪਾਤਰ ਬਾਰੇ ਸਪੱਸ਼ਟ ਲਿਖਦੇ ਹਨ:

ਅਭਿਆਗਤ ਏਹਿ ਨ ਆਖੀਅਨਿ ਜਿਨ ਕੇ ਚਿਤ ਮਹਿ ਭਰਮੁ ॥ ਤਿਸਦੈ ਦਿਤੈ ਨਾਨਕਾ ਤੇਹੋ ਜੇਹਾ ਧਰਮੁ ॥

... ... ...

ਅਭਿਆਗਤ ਏਹਿ ਨ ਆਖੀਅਨ ਜਿ ਪਰ ਘਰਿ ਭੋਜਨ ਕਰੇਨਿ ॥ ਉਦਰੈ ਕਾਰਣਿ ਆਪਣੇ ਬਹਲੇ ਭੇਖ ਕਰੇਨਿ ॥

ਅਭਿਆਗਤ ਸੇਈ ਨਾਨਕਾ ਜਿ ਆਤਮ ਗਉਣੁ ਕਰੇਨਿ ॥ (ਪੰ: 949)

ਇਹਨਾਂ ਤੁਕਾਂ ਦੀ ਵਿਆਖਿਆ ਕਰਦਿਆਂ ਭਾਈ ਕਾਹਨ ਸਿੰਘ ਨਾਭਾ ਲਿਖਦੇ ਹਨ : "ਜੋ ਹਰਾਮ ਖਾਣੇ ਪ੍ਰਪੰਚੀ, ਭੇਖ ਨੂੰ ਉਪਜੀਵਕਾ ਸਮਝ ਕੇ ਮੰਗਦੇ ਫਿਰਦੇ ਹਨ, ਉਹਨਾਂ ਦੀ ਸੇਵਾ ਕਰਨਾ ਨਿਸਫਲ ਹੈ। ਜੋ ਵਿਚਾਰਵਾਨ ਵਿਦਵਾਨ ਸ਼ੁਭ ਗੁਣਾਂ ਦਾ ਪ੍ਰਚਾਰ ਕਰਨ ਲਈ ਵਿਚਰਦੇ ਹਨ, ਉਹ ਸੱਚੇ ਅਭਿਆਗਤ ਅਥਵਾ ਅਤਿਥੀ ਹਨ ਔਰ ਦਾਨ ਮਾਨ ਦੇ ਪੂਰਨ ਅਧਿਕਾਰੀ ਹਨ।"[11]

ਸੋ ਸੇਵਾ ਕਰਨ ਵੇਲੇ ਜਿਸ ਦੀ ਸੇਵਾ ਕੀਤੀ ਜਾ ਰਹੀ ਹੈ ਉਸ ਬਾਰੇ ਪੂਰੀ ਪੜਤਾਲ ਕਰਨੀ ਚਾਹੀਦੀ ਹੈ। ਅੱਜ ਕੱਲ੍ਹ ਚੰਦਾ ਲੈਣ ਵਾਲੀਆਂ ਅਨੇਕਾਂ ਸੰਸਥਾਵਾਂ ਹਨ। ਉਹਨਾਂ ਬਾਰੇ ਤਸੱਲੀ ਕਰ ਲੈਣੀ ਚਾਹੀਦੀ ਹੈ, ਕਿਤੇ ਉਹ ਸੰਸਥਾ ਵਿਹਲੜਾਂ ਦੀ ਪਾਲਣਾ ਪੋਸਣਾ ਤਾਂ ਨਹੀਂ ਕਰ ਰਹੀ? ਕਿਤੇ ਉਹ ਸੰਸਥਾ ਮਨੁੱਖਤਾ ਦੀ ਸੇਵਾ ਕਰਨ ਦੀ ਬਜਾਇ ਮਨੁੱਖਤਾ ਦੀ ਅਧੋਗਤੀ ਵਿਚ ਹਿੱਸਾ ਤਾਂ ਨਹੀਂ ਪਾ ਰਹੀ। ਗੁਰੂ ਅਮਰਦਾਸ ਜੀ ਦੀਆਂ ਤੁਕਾਂ ਨੂੰ ਅੱਜ ਵੀ ਲਾਗੂ ਕਰ ਕੇ ਸੇਵਾ ਦੀ ਲੋੜ ਹੈ।

ਜਿਵੇਂ ਪਹਿਲਾਂ ਦੱਸਿਆ ਜਾ ਚੁੱਕਿਆ ਹੈ, ਸਿੱਖੀ ਸੰਗਤੀ ਧਰਮ ਹੈ। ਇਹ ਵਿਰਕਤਾਂ ਅਥਵਾ ਸਮਾਜ ਨੂੰ ਤਿਆਗਣ ਵਾਲਿਆਂ ਦਾ ਧਰਮ ਨਹੀਂ। ਉਂਜ ਵੀ ਧਰਮ ਦਾ ਸੰਕਲਪ ਗ੍ਰਹਿਸਤ ਵਿਚ ਹੀ ਹੋਂਦ ਰਖਦਾ ਹੈ। ਭਗਤ ਕਬੀਰ ਜੀ ਲਿਖਦੇ ਹਨ:

ਕਬੀਰ ਜਉ ਗ੍ਰਿਹੁ ਕਰਹਿ ਤ ਧਰਮ ਕਰੁ, ਨਾਹੀਂ ਤ ਕਰੁ ਬੈਰਾਗੁ ॥ (ਪੰ: 1377)

ਭਾਈ ਗੁਰਦਾਸ ਜੀ ਨੇ ਇਸੇ ਲਈ ਧਰਮ ਨੂੰ ਪ੍ਰਧਾਨ ਕਿਹਾ ਹੈ :

ਗਿਆਨਕ ਮੈਂ ਗਿਆਨ ਅਰ ਧਿਆਨਨ ਮੈਂ ਧਿਆਨ ਗੁਰੂ ਸਗਲ ਧਰਮ ਮੇਂ ਗ੍ਰਹਿਸਥ ਪ੍ਰਧਾਨ ਹੈ॥ [12]

ਸੇਵਾ ਕਰਨ ਦਾ ਮੌਕਾ ਵੀ ਗ੍ਰਹਿਸਥ ਵਿਚ ਵਧੇਰੇ ਮਿਲਦਾ ਹੈ। ਘਰ ਵਿਚ ਰੋਟੀ ਪਕਦੀ ਹੈ। ਕਿਸੇ ਭੁੱਖੇ ਦੀ ਭੁੱਖ ਦੂਰ ਕੀਤੀ ਜਾ ਸਕਦੀ ਹੈ। ਗ੍ਰਹਿਸਥੀ ਮਨੁੱਖ ਦੂਜੇ ਦੇ ਦੁੱਖ ਦਰਦ ਨੂੰ ਸਮਝ ਸਕਦਾ ਹੈ। ਉਸ ਦਾ ਬੱਚਾ ਬੀਮਾਰ ਹੋਵੇ ਤਾਂ ਆਪਣੇ ਸੁਖ ਨੂੰ ਕੁਰਬਾਨ ਕਰ ਦਿੰਦਾ ਹੈ। ਬੱਚਿਆਂ ਦੀ ਪਾਲਣਾ ਲਈ ਉਹ ਮਿਹਨਤ ਕਰਦਾ ਹੈ ਅਤੇ ਸੇਵਾ ਦਾ ਇਹ ਛੋਟਾ ਦਾਇਰਾ ਹੀ ਵੱਡਾ ਹੋ ਕੇ ਟੱਬਰ ਦੀ ਸੇਵਾ ਦੇ ਨਾਲ ਨਾਲ ਅਤੇ ਇਸ ਦੇ ਰਾਹੀਂ ਸਮਾਜ ਦੀ ਸੇਵਾ ਦਾ ਦਾਇਰਾ ਬਣ ਜਾਂਦਾ ਹੈ। ਭਗਤ ਰਤਨਾਵਲੀ ਵਿਚ ਗੁਰੂ ਅੰਗਦ ਦੇਵ ਜੀ ਦੇ ਸਮੇਂ ਦੀ ਇਕ ਸਾਖੀ ਇੰਝ ਦਰਜ ਹੈ : "ਜੱਗਾ ਗੁਰੂ ਅੰਗਦ ਦੇਵ ਜੀ ਦੀ ਸ਼ਰਣ ਆਇਆ। ਅਰਦਾਸ ਕੀਤੀ, ਜੇ ਤੁਸੀਂ ਬਚਨ ਕਰੋ ਤਾਂ ਮੈਂ ਘਰ ਬਾਰ ਛੱਡ ਕੇ ਫਕੀਰ ਹੋ ਜਾਂਦਾ ਹਾਂ। ਮੈਨੂੰ ਇਕ ਜੋਗੀ ਨੇ ਆਖਿਆ ਹੈ ਜੋ ਘਰ ਬੰਧਨ ਰੂਪ ਹੈ। ਤੂੰ ਪ੍ਰਿਥਮੇ ਘਰ ਬਾਰ ਦਾ ਤਿਆਗ ਕਰ ਆਵੈ ਤਾਂ ਬਹੁੜੋ ਮੈਂ ਉਪਦੇਸ਼ ਕਰਸਾਂ।" ਤਾਂ ਬਚਨ ਹੋਇਆ -"ਜੋਗ ਕੀਤਿਆਂ ਅਤੇ ਘਰ ਛਡਿਆਂ ਜੇ ਉਧਾਰ ਹੁੰਦਾ ਤਾਂ ਤਦ ਫਕੀਰ ਕਿਉਂ ਹੱਟੀਆਂ ਤੇ ਝਗੜਦੇ ਫਿਰਦੇ ਹਨ? ਜਿਵੇਂ ਕੰਵਲ, ਵਿਚ ਜਲ ਦੇ ਹੀ ਰਹਿੰਦਾ ਹੈ, ਸੂਰਜ ਵੱਲ ਧਿਆਨ ਰਖਦਾ ਹੈ, ਤੈਸੇ ਗੁਰਮੁਖ ਵਿਚ ਗ੍ਰਹਿਸਤ ਦੇ ਰਹਿੰਦੇ ਹਨ ਤੇ ਗੁਰੂ ਨੇ ਨਿਮਿਤ ਸੇਵਾ ਟਹਲ ਕਰਦੇ ਹੈਨ, ਜੇ ਫ਼ਕੀਰ, ਫਕੀਰ ਹੋ ਕੇ ਕਿਸੇ ਥੀ ਲੈ ਖਾਵੇਗਾ ਤਾਂ ਆਪ ਤੇ ਤਪ ਦਾ ਬਲ ਓਸ ਨੂੰ ਵੰਡ ਦੇਵੇਗਾ, ਤੇ ਜੇ ਗ੍ਰਹਿਸਤੀ ਹੋ ਕੈ ਭਗਤਿ ਕਰੇਗਾ ਓਹ ਭੀ ਓਸਥੈ ਰਹੈਗਾ, ਤੇ ਸਾਧੂ ਸੰਗਤਿ ਦੀ ਸੇਵਾ ਦਾ ਫਲ ਭੀ ਹੋਵੇਗਾ। ਜੈਸੇ ਕੋਇ ਗਊ ਨੂੰ ਘਾਹ ਖਵਾਂਦਾ ਹੈ, ਤਾਂ ਉਸ ਦਾ ਦੁਧ ਦੁਹਿ ਲੈਂਦਾ ਹੈ?"[13]

ਗ੍ਰਹਿਸਥ ਬਾਰੇ ਗੁਰਬਾਣੀ ਵਿਚ ਲਿਖਿਆ ਹੈ:ਇਕਿ ਗਿਰਹੀ ਸੇਵਕ ਸਾਧਿਕਾ ਗੁਰਮਤੀ ਲਾਗੇ॥

ਨਾਮੁ ਦਾਨੁ ਇਸਨਾਨੁ ਦ੍ਰਿੜੁ ਹਰਿ ਭਗਤਿ ਸੁਜਾਗੇ॥ (ਪੰ: 419)

ਪੁੰਨ ਦਾਨ ਕਾ ਕਰੇ ਸਰੀਰੁ॥ ਸੋ ਗਿਰਹੀ ਗੰਗਾ ਕਾ ਨੀਰੁ॥ (ਪੰ: 952)

ਗ੍ਰਹਿਸਥੀ ਨੂੰ ਸਮਾਜਿਕ ਬੁਰਾਈਆਂ ਬਾਰੇ ਪਤਾ ਲਗਦਾ ਹੈ ਅਤੇ ਉਸ ਨੂੰ ਹੀ ਲੋੜ ਮਹਿਸੂਸ ਹੁੰਦੀ ਹੈ ਕਿ ਸਮਾਜਿਕ ਪ੍ਰਬੰਧ ਨੂੰ ਅਜਿਹਾ ਬਣਾਇਆ ਜਾਵੇ, ਜਿਸ ਵਿਚ ਸਾਰੇ ਲੋਕ ਸੁਖੀ ਰਹਿ ਸਕਣ। ਸਿੱਖੀ ਦੀ ਮੂਲ ਭਾਵਨਾ ਇਸ ਵਿਚਾਰ ਨਾਲ ਓਤ-ਪੋਤ ਹੈ। ਇਸ ਲਈ ਵਿਅਕਤੀਗਤ ਜਤਨਾਂ ਦੇ ਨਾਲ ਨਾਲ ਸਮੂਹਕ ਰੂਪ ਵਿਚ ਸੰਸਥਾਤਮਕ ਜਤਨ ਕਰਨ ਦੀ ਵੀ ਲੋੜ ਹੈ। ਇਸ ਮੰਤਵ ਲਈ ਜੋ ਵੀ ਮਦਦ ਕੀਤੀ ਜਾਵੇ ਉਹ ਮਹਾਨ ਸੇਵਾ ਹੈ। ਇਹ ਸੇਵਾ ਕੋਈ ਵਿਅਤੀ ਆਪਣੀ ਹਉਮੈ ਅਧੀਨ ਨਹੀਂ ਕਰਦਾ; ਸਗੋਂ ਇਸ ਲਈ ਕਰਦਾ ਹੈ ਕਿ ਇਸ ਨਾਲ ਜਿਹੜੇ ਮੰਤਵ ਦੀ ਪੂਰਤੀ ਹੁੰਦੀ ਹੈ, ਉਸ ਨਾਲ ਉਸ ਦੀ ਸੰਤਾਨ ਨੂੰ ਵੀ ਲਾਭ ਹੋਵੇਗਾ।

ਗੁਰੂ ਸਾਹਿਬ ਸੇਵਾ ਕੇਵਲ ਸਿੱਖ ਸੰਸਥਾ ਦੀ, ਜਾਂ ਉਹਨਾਂ ਸਿੱਖਾਂ ਦੀ, ਜਿਹੜੇ ਸਿੱਖੀ ਦੇ ਆਦਰਸ਼ ਲਈ ਪ੍ਰਤੀਬੱਧ ਹਨ ਅਤੇ ਜਿਹਨਾਂ ਨੇ ਜੀਵਨ ਸਿੱਖੀ ਉੱਦੇਸ਼ਾਂ ਲਈ ਅਰਪਨ ਕਰ ਦਿੱਤਾ ਹੈ, ਕਰਨ ਲਈ ਕਹਿੰਦੇ ਹਨ। ਗੁਰੂ ਸਾਹਿਬਾਨ ਗੁਰਸਿੱਖਾਂ ਪ੍ਰਤੀ ਉਚਾਰਦੇ ਹਨ :

ਮਾਤਾ ਪ੍ਰੀਤਿ ਕਰੇ ਪੁਤੁ ਖਾਇ॥ ਮੀਨੇ ਪ੍ਰੀਤਿ ਭਈ ਜਲਿ ਨਾਇ॥
ਸਤਿਗੁਰ ਪ੍ਰੀਤਿ ਗੁਰਸਿਖ ਮੁਖਿ ਪਾਇ॥ (ਪੰ: 164)

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਫੁਰਮਾਨ ਹੈ :

ਸੇਵ ਕਰੀ ਇਨ ਕੀ ਮਨ ਭਾਵਤ, ਔਰ ਕੀ ਸੇਵ ਸੁਹਾਤ ਨ ਜੀਕੋ।
ਦਾਨ ਦਿਓ ਇਨਹੀ ਕੋ ਭਲੋ, ਔਰ ਆਨ ਕੋ ਦਾਨ ਨ ਲਾਗਤ ਨੀਕੋ।
ਆਗੈ ਫਲ ਇਨਹੀ ਕੋ ਦਿਓ, ਜਗ ਮੇ ਯਾਸ ਔਰ ਦਿਓ ਸਭ ਫੀਕੋ।
ਮੋ ਗ੍ਰਿਹਿ ਮੇ ਮਨ ਤੇ ਤਨ ਤੇ, ਸਿਰ ਲੌ ਧਨ ਹੈ ਸਭ ਹੀ ਇਨਹੀ ਕੋ। [14]

ਅੱਜ ਕੱਲ੍ਹ ਸਿੱਖ ਸੰਸਥਾਵਾਂ ਬਾਰੇ ਵਾਦ-ਵਿਵਾਦ ਖੜੇ ਹਨ। ਇਹਨਾਂ ਵਾਦ-ਵਿਵਾਦਾਂ ਨੂੰ ਧਿਆਨ ਵਿਚ ਰਖਦਿਆਂ ਲੋੜ ਹੈ ਕਿ ਸਿੱਖਾਂ ਦੀ ਜਿਹੜੀ ਆਸਥਾ ਸਿੱਖ ਸੰਸਥਾ ਉੱਤੇ ਬਣੀ ਹੋਈ ਹੈ ਉਸ ਨੂੰ ਕਾਇਮ ਰਖਿਆ ਜਾਵੇ। ਸਿੱਖ ਸੰਸਥਾਵਾਂ ਨੂੰ ਚਾਹੀਦਾ ਹੈ ਕਿ ਉਹ ਸਮੇਂ ਦੀ ਲੋੜ ਅਨੁਸਾਰ ਅਜਿਹੇ ਕਾਰਜ ਕਰਨ ਜਿਹਨਾਂ ਨਾਲ ਖ਼ਾਲਕ ਰੂਪ ਖ਼ਲਕਤ ਦਾ ਭਲਾ ਹੋਵੇ। ਸਭ ਲਈ ਵਿਦਿਆ ਦਾ ਪ੍ਰਬੰਧ ਹੋਵੇ, ਸਭ ਲਈ ਰੋਟੀ ਹੋਵੇ, ਕੋਈ ਨਿਆਸਰਾ ਨਾ ਹੋਵੇ, ਇਹ ਕਾਰਜ ਕਰਨ ਲਈ ਪ੍ਰਤੀਬੱਧ ਲੋਕ ਸੇਵਾ ਕਰਨ ਲਈ ਅੱਗੇ ਲਾਉਣ ਅਤੇ ਉਹ ਇਹ ਸੇਵਾ ਧਰਮ ਦੇ ਜਜ਼ਬੇ ਅਧੀਨ ਕਰਨ। ਕਿਤੇ ਸੇਵਾ ਕਰਨ ਦਾ ਲਾਰਾ ਲਾ ਕੇ ਕਿਸੇ ਹੋਰ ਮਨੋਰਥ ਲਈ ਕੁਰਸੀਆਂ 'ਤੇ ਬੈਠ ਕੇ ਆਪਣੇ ਤਕ ਹੀ ਸੀਮਤ ਨਾ ਹੋ ਜਾਣ।

ਇਹ ਨੁਕਤੇ ਹੋਰ ਵਿਚਾਰ ਕਰਨ ਲਈ ਉਠਾਏ ਗਏ ਹਨ ਤਾਂ ਜੋ ਸੇਵਾ ਸਹੀ ਢੰਗ ਨਾਲ ਕੀਤੀ ਜਾ ਸਕੇ, ਕਿਉਂਕਿ :

ਸਤਿਗੁਰ ਕੀ ਸੇਵਾ ਗਾਖੜੀ, ਸਿਰ ਦੀਜੈ ਆਪ ਗਵਾਇ॥ ਸਬਦਿ ਮਿਲਹਿ ਤਾਂ ਹਰਿ ਮਿਲੈ, ਸੇਵਾ ਪਵੈ ਸਭ ਥਾਇ॥ (ਪੰ: 27)

**ਹਵਾਲੇ**


1. ਮਨੂ ਸਿਮਰਤੀ, ਹਵਾਲਾ ਭਾਰਤੀ ਚਿੰਤਨ ਪਰੰਪਰਾ, ਕੇ ਦਮੋਦਰਨ, ਪੰ: 65-66
2. ਬ੍ਰਿਹਦਾਰਣਿਕ ਉਪਨਿਸ਼ਦ, ਹਵਾਲਾ ਉਹੀ, ਪੰ: 58-59
3. "he Pr}nc}pa& "pn}shads, pp. ੧੬੮-੧੬੯
4. ਸਾਖੀ ਭਾਈ ਬਾਲੇ ਵਾਲੀ ਹਵਾਲਾ ਗੁਰਮਤਿ ਮਾਰਤੰਡ, ਭਾਈ ਕਾਹਨ ਸਿੰਘ ਨਾਭਾ, ਪੰ:
5. ਸਾਖੀ ਭਾਈ ਬਾਲੇ ਵਾਲੀ ਹਵਾਲਾ ਗੁਰਮਤਿ ਮਾਰਤੰਡ, ਭਾਈ ਕਾਹਨ ਸਿੰਘ ਨਾਭਾ, ਪੰ: 606
6. ਗੁਰਮਤ ਮਾਰਤੰਡ, ਪੰ: 604 7. ਭਾਈ ਸੰਤੋਖ ਸਿੰਘ, ਗੁਰ ਪ੍ਰਤਾਪ ਸੂਰਜ, ਰਾਸ 9, ਅਧਿਆਇ 6
8. ਹਵਾਲਾ, ਗੁਰਮਤ ਸੁਧਾਕਰ, ਪੰ: 271 9. ਹਵਾਲਾ, ਉਹੀ, ਪੰ: 277
10. ਗੁਰਮਤ ਸੁਧਾਕਰ, ਪੰ: 109-110 11. ਗੁਰਮਤ ਪ੍ਰਭਾਕਰ, ਪੰ: 37
12. ਹਵਾਲਾ, ਗੁਰਮਤ ਸੁਧਾਕਰ, ਪੰ: 188-189 13. ਹਵਾਲਾ ਗੁਰਮਤ ਮਾਰਤੰਡ, ਪੰ: 462
14. ਗੁਰੂ ਗੋਬਿੰਦ ਸਿੰਘ ਜੀ, ਹਵਾਲਾ, ਗੁਰਮਤ ਸੁਧਾਕਰ, ਪੰ. 78

# ਗੁਰਮਤਿ ਸੰਗੀਤ ਦੇ ਅਰੰਭਲੇ ਰਚਨਕਾਰ

**ਡਾ. ਗੁਰਨਾਮ ਸਿੰਘ**

ਗੁਰਮਤਿ ਸੰਗੀਤ ਦੇ ਵਿਕਾਸ ਵਿਚ ਸ਼ਬਦ ਕੀਰਤਨ ਰਚਨਾਕਾਰਾਂ ਦਾ ਵਿਸ਼ੇਸ਼ ਯੋਗਦਾਨ ਹੈ। ਵੱਖ-ਵੱਖ ਉੱਦਮੀ ਅਤੇ ਵਿਦਵਾਨ ਗੁਰਮਤਿ ਸੰਗੀਤਕਾਰਾਂ ਦੇ ਮਨ ਵਿਚ ਇਹ ਉਤਸ਼ਾਹ ਸੀ ਕਿ ਉਹ ਗੁਰੂ ਸਾਹਿਬਾਨ ਦੁਆਰਾ ਪ੍ਰਦਾਨ ਕੀਤੇ ਕੀਰਤਨ ਖਜ਼ਾਨੇ ਨੂੰ ਆਉਣ ਵਾਲੀਆਂ ਪੀੜ੍ਹੀਆਂ ਤੱਕ ਸੁਰੱਖਿਅਤ ਰੱਖ ਸਕਣ ਅਤੇ ਸਿਖਲਾਈ ਦਾ ਵੀ ਕੋਈ ਵਿਉਂਤਬੱਧ ਤਰੀਕਾ ਹੋ ਸਕੇ। ਇਸ ਮੰਤਵ ਦੀ ਪੂਰਤੀ ਲਈ ਸ਼ਬਦ ਕੀਰਤਨ ਰਚਨਾਕਾਰਾਂ ਦੁਆਰਾ ਸ਼ਬਦ ਕੀਰਤਨ ਨੂੰ ਸੁਰਲਿਪੀ ਬੱਧ ਕਰਨ ਦੀ ਪਰੰਪਰਾ ਸ਼ੁਰੂ ਹੋਈ। ਇਹ ਪਰੰਪਰਾ ਭਾਰਤੀ ਸੰਗੀਤ ਵਿਚ ਸੁਰਲਿਪੀ ਬੱਧ ਕਰਨ ਦੀ ਪਰੰਪਰਾ ਦੇ ਸਮਾਨੰਤਰ ਹੀ ਆਰੰਭ ਹੋਈ। ਕਿਉਂ ਜੋ ਗੁਰਮਤਿ ਸੰਗੀਤ ਦੇ ਆਰੰਭਲੇ ਰਚਨਾਕਾਰਾਂ ਨੇ ਜੋ ਸੁਰਲਿਪੀ ਪ੍ਰਯੋਗ ਕੀਤੀ, ਉਹ ਪੰਡਤ ਵਿਸ਼ਨੂ ਨਾਰਾਇਣ ਭਾਤਖੰਡ ਜਾਂ ਪੰਡਤ ਵਿਸ਼ਨੂ ਦਿਗੰਬਰ ਪਲੂਸਕਰ ਦੀ ਸੁਰਲਿਪੀ ਨਾ ਹੋ ਕੇ ਇਨ੍ਹਾਂ ਵਿਦਵਾਨਾਂ ਦੁਆਰਾ ਮੌਲਿਕ ਸਰੂਪ ਰੱਖਦੀ ਸੀ। ਭਾਵੇਂ ਕਿ ਇਨ੍ਹਾਂ ਵਿਦਵਾਨਾਂ ਦੀਆਂ ਇਹ ਸੁਰਲਿਪੀ ਪੱਧਤੀਆਂ ਪ੍ਰਚਾਰ ਵਿਚ ਨਹੀਂ ਆਈਆਂ ਪਰ ਸੁਰਲਿਪੀ ਦੇ ਵਿਕਾਸ ਦਾ ਹਿੱਸਾ ਜ਼ਰੂਰ ਹਨ।

ਗੁਰਮਤਿ ਸੰਗੀਤ ਵਿਚ ਸ਼ਬਦ ਕੀਰਤਨ ਰਚਨਾਵਾਂ ਦਾ ਸੁਰਲਿਪੀ ਬੱਧ ਕਾਰਜ ਵੀਹਵੀਂ ਸਦੀ ਦੇ ਦੂਜੇ ਦਹਾਕੇ ਤੋਂ ਸ਼ੁਰੂ ਹੋਇਆ। ਇਸ ਦੇ ਆਰੰਭਲੇ ਸ਼ਬਦ ਕੀਰਤਨ ਰਚਨਾਕਾਰ ਮਾਸਟਰ ਸੁੰਦਰ ਸਿੰਘ, ਰਾਗੀ ਭਾਈ ਪ੍ਰੇਮ ਸਿੰਘ, ਰਵੇਲ ਸਿੰਘ ਕੰਵਰ, ਮਾਸਟਰ ਸੁੰਦਰ ਸਿੰਘ ਸੀ ਜੋ ਕਿ ਵੀਹਵੀਂ ਸਦੀ ਦੇ ਅਰਧ ਤੱਕ ਨਿਰੰਤਰ ਗਤੀਸ਼ੀਲ ਰਹੇ।

ਗੁਰਮਤਿ ਸੰਗੀਤ ਦੇ ਆਰੰਭਲੇ ਰਚਨਾਕਾਰਾਂ ਦੀ ਲੜੀ ਵਿੱਚ ਮਾਸਟਰ ਸੁੰਦਰ ਸਿੰਘ ਦਾ ਨਾਮ ਸਰਬ ਪ੍ਰਥਮ ਉਜਾਗਰ ਹੁੰਦਾ ਹੈ। ਗੁਰਮਤਿ ਸੰਗੀਤ ਦੀਆਂ ਸ਼ਬਦ ਕੀਰਤਨ ਰਚਨਾਵਾਂ ਦੇ ਖੇਤਰ ਵਿੱਚ ਆਪ ਦੀ ਲਿਖਤ ਪੁਸਤਕ 'ਗੁਰਮਤ ਸੰਗੀਤ' ਵਿਸ਼ੇਸ਼ ਹੈ। ਇਸ ਪੁਸਤਕ ਵਿਚ ਆਪ ਵਲੋਂ ਸ਼ਬਦ ਕੀਰਤਨ ਰਚਨਾਵਾਂ ਦਾ ਸੰਗ੍ਰਹਿ ਕੀਤਾ ਗਿਆ ਹੈ। 1913 ਵਿਚ ਵਜ਼ੀਰ ਹਿੰਦ ਪ੍ਰੈਸ, ਅੰਮ੍ਰਿਤਸਰ ਤੋਂ ਪ੍ਰਕਾਸ਼ਤ ਇਸ ਪੁਸਤਕ ਵਿਚ ਮਾਸਟਰ ਸੁੰਦਰ ਸਿੰਘ ਵਲੋਂ ਮੌਲਿਕ ਸੁਰਲਿਪੀ ਜੋ ਗੁਰਮਤਿ ਸੰਗੀਤ ਦੇ ਖੇਤਰ ਵਿਚ ਪਹਿਲੀ ਵਾਰ ਕਿਸੇ ਵਿਦਵਾਨ ਵਲੋਂ ਅਪਣਾਈ ਗਈ, ਵਿਦਮਾਨ ਹੈ। ਪੁਸਤਕ ਦਾ ਮਨੋਰਥ ਵਿਦਿਆਰਥੀਆਂ ਨੂੰ ਗੁਰਮਤਿ ਸੰਗੀਤ ਦੀ ਸਿਖਿਆ ਘਰ ਬੈਠੇ ਮੁਹੱਈਆ ਕਰਵਾਉਣਾ ਸੀ। ਰਚਨਾਕਾਰ ਦੁਆਰਾ ਆਪਣੀ ਉਕਤ ਕ੍ਰਿਤ ਵਿਚ ਸੰਗੀਤ ਦੀ ਮੁਢਲੀ ਜਾਣਕਾਰੀ, ਰਾਗ ਅਤੇ ਹਾਰਮੋਨੀਅਮ ਬਾਰੇ ਵਿਸ਼ੇਸ਼ ਜਾਣਕਾਰੀ, ਸੁਰਾਂ ਨੂੰ ਨਕਸ਼ੇ ਅਨੁਸਾਰ ਦਰਸਾਉਣਾ, ਵੱਖ-ਵੱਖ ਗਿਆਰਾਂ ਤਾਲਾਂ (ਤਿੰਨ ਤਾਲ, ਚਾਰ ਤਾਲ, ਆੜਾ ਚਾਰ ਤਾਲ, ਧਮਾਰ, ਤਾਲ ਅਸਵਾਰੀ, ਝਪਤਾਲ, ਦਾਦਰਾ, ਪਸਤੋ, ਸੂਲਫਾਖਤਾ, ਪਟ, ਗਿੱਧਾ ਤਾਲ ਆਦਿ) ਬਾਰੇ ਵਿਸ਼ੇਸ਼ ਜਾਣਕਾਰੀ ਤੋਂ ਇਲਾਵਾ ਇਨ੍ਹਾਂ ਤਾਲਾਂ ਨੂੰ ਸਿਖਾਉਣ ਦੀ ਵਿਸ਼ੇਸ਼ ਵਿਧੀ ਵੀ ਦਰਸਾਈ ਗਈ ਹੈ। ਗੁਰਮਤਿ ਸੰਗੀਤ ਦੇ ਖੇਤਰ ਵਿੱਚ ਮਾਸਟਰ ਸੁੰਦਰ ਸਿੰਘ ਦੀ ਇਹ ਕ੍ਰਿਤ ਆਪਣੇ ਆਪ ਵਿੱਚ ਵਿਸ਼ੇਸ਼ ਮਹੱਤਤਾ ਰਖਦੀ ਹੈ ਕਿਉਂ ਜੋ ਇਹ ਗੁਰਮਤਿ ਸੰਗੀਤ ਪਰੰਪਰਾ ਦੀ ਮੁਢਲੀ ਪੁਸਤਕ ਹੈ। ਵਰਤਮਾਨ ਸਮੇਂ ਇਹ ਪੁਸਤਕ ਚੀਫ਼ ਖਾਲਸਾ ਦੀਵਾਨ, ਅੰਮ੍ਰਿਤਸਰ ਵਲੋਂ 1958 ਵਿਚ ਪ੍ਰਕਾਸ਼ਿਤ ਪੁਸਤਕ ਸੰਗ੍ਰਹਿ 'ਗੁਰਮਤਿ ਸੰਗੀਤ ਪਰ ਹੁਣ ਤਕ ਮਿਲੀ ਖੋਜ' ਦੇ ਅੰਤਰਗਤ ਭਾਗ ਤੀਜੇ ਦੇ ਰੂਪ ਵਿਚ ਪ੍ਰਾਪਤ ਹੁੰਦੀ ਹੈ। ਰਚਨਾਕਾਰ ਮਾਸਟਰ ਸੁੰਦਰ

ਸੰਗੀਤ ਦਰਸ਼ਨ' ਪ੍ਰਾਪਤ ਨਹੀਂ ਹੁੰਦੀ ਪਰੰਤੂ ਇਸ ਦੇ ਹਵਾਲੇ 'ਸੰਗੀਤ ਪ੍ਰਭਾਕਰ' ਵਿਚ ਪ੍ਰਾਪਤ ਹੁੰਦੇ ਹਨ। ਸ. ਰਵੇਲ ਸਿੰਘ ਦੇ ਨਿਜੀ ਜੀਵਨ ਬਾਰੇ ਕੋਈ ਵਿਸ਼ੇਸ਼ ਜਾਣਕਾਰੀ ਪ੍ਰਾਪਤ ਨਹੀਂ ਹੁੰਦੀ, ਪਰੰਤੂ ਆਪ ਵਲੋਂ ਸ਼ਬਦ ਕੀਰਤਨ ਰਚਨਾਕਾਰ ਦੇ ਤੌਰ 'ਤੇ ਕੀਤਾ ਕਾਰਜ ਸ਼ਲਾਘਾਯੋਗ ਹੈ। ਆਪ ਦੀ ਰਚਿਤ ਪੁਸਤਕਾਂ ਵਿਚ ਦਰਜ ਸ਼ਬਦ ਕੀਰਤਨ ਰਚਨਾਵਾਂ ਨਿਰਧਾਰਤ ਰਾਗਾਂ ਦੀ ਧਾਰਾ ਦੇ ਅਨੁਸਾਰੀ ਸੁਰਲਿਪੀ ਬੱਧ ਹਨ।

ਗੁਰਮਤਿ ਸੰਗੀਤ ਦੇ ਆਰੰਭਲੇ ਰਚਨਾਕਾਰਾਂ ਦੀ ਲੜੀ ਵਿਚ ਅਗਲਾ ਨਾਮ ਮਾਸਟਰ ਸੁੰਦਰ ਸਿੰਘ ਦਾ ਆਉਂਦਾ ਹੈ। ਪਾਠਕਾਂ ਦੇ ਧਿਆਨ ਹਿਤ ਕਿ ਮਾਸਟਰ ਸੁੰਦਰ ਸਿੰਘ ਵੀਹਵੀਂ ਸਦੀ ਦੇ ਦੂਜੇ ਦਹਾਕੇ ਦੇ ਮਾਸਟਰ ਸੁੰਦਰ ਸਿੰਘ ਤੋਂ ਵੱਖਰੇ ਹਨ। ਇਨ੍ਹਾਂ ਦੋਨਾਂ ਦੀਆਂ ਲਿਖਤਾਂ ਵੀ ਵੱਖਰੀਆਂ ਹਨ। ਦੋਨਾਂ ਰਚਨਾਕਾਰਾਂ ਵਲੋਂ ਸ਼ਬਦ ਕੀਰਤਨ ਰਚਨਾਵਾਂ ਲਈ ਵੱਖੋ-ਵੱਖਰੀ ਮੌਲਿਕ ਸੁਰਲਿਪੀ ਦਾ ਪ੍ਰਯੋਗ ਕੀਤਾ ਗਿਆ ਹੈ। ਵੀਹਵੀਂ ਸਦੀ ਦੇ ਛੇਵੇਂ ਦਹਾਕੇ ਦੇ ਮਾਸਟਰ ਸੁੰਦਰ ਸਿੰਘ ਬਾਰੇ ਕੋਈ ਵਿਸ਼ੇਸ਼ ਜਾਣਕਾਰੀ ਉਪਲਬੱਧ ਨਹੀਂ ਹੁੰਦੀ। ਪਰੰਤੂ ਇਸ ਰਚਨਾਕਾਰ ਦਾ ਕਾਰਜ ਗੁਰਮਤਿ ਸੰਗੀਤ ਦੇ ਮੁਢਲੇ ਕਾਰਜਾਂ ਦੇ ਰੂਪ ਵਿਚ ਵਿਸ਼ੇਸ਼ ਹੈ। ਆਪ ਦੁਆਰਾ ਰਚਿਤ ਪੁਸਤਕ 'ਹਾਰਮੋਨੀਅਮ ਟੀਚਰ' ਵਿਚ ਜੋੜੀ ਤੇ ਸਾਜ਼ਾਂ ਦੀ ਜਾਣਕਾਰੀ, ਵੱਖ-ਵੱਖ ਟਿਊਨਾਂ ਤੇ ਸ਼ਬਦ ਗਾਉਣ ਦੀ ਪ੍ਰਕ੍ਰਿਆ ਅਤੇ ਸਰਗਮਾਂ ਆਦਿ ਬਾਰੇ ਜਾਣਕਾਰੀ ਦਿਤੀ ਗਈ ਹੈ। ਇਸ ਪੁਸਤਕ ਨੂੰ ਤਿੰਨ ਹਿੱਸਿਆਂ ਵਿਚ ਵੰਡਿਆ ਗਿਆ ਹੈ। ਪਹਿਲੇ ਭਾਗ ਵਿਚ ਗੁਰਬਾਣੀ ਦੇ ਦਸ ਸ਼ਬਦ, ਦੂਜੇ ਭਾਗ ਵਿਚ ਦਸ ਪੁਰਾਤਨ ਹਿੰਦੀ ਗਾਣੇ ਅਤੇ ਤੀਜੇ ਭਾਗ ਵਿਚ ਦਸ ਭਜਨ ਸੁਰਲਿਪੀ ਬੱਧ ਕੀਤੇ ਗਏ ਹਨ। ਸ਼ਬਦਾਂ ਦੀਆਂ ਰਚਨਾਵਾਂ ਲਈ ਮੌਲਿਕ ਸੁਰਲਿਪੀ ਦਾ ਪ੍ਰਯੋਗ ਕੀਤਾ ਗਿਆ ਹੈ। ਜੇਕਰ ਮਾਸਟਰ ਸੁੰਦਰ ਸਿੰਘ ਦੇ ਪੂਰੇ ਕਾਰਜ 'ਤੇ ਝਾਤ ਮਾਰੀਏ ਤਾਂ ਇਹ ਕਾਰਜ ਗੁਰਮਤਿ ਸੰਗੀਤ ਦੇ ਸਿਧਾਂਤ ਦਾ ਅਨੁਸਰਣ ਤਾਂ ਨਹੀਂ ਕਰਦਾ ਪਰੰਤੂ ਇਹ ਗੁਰਮਤਿ ਸੰਗੀਤ ਦੀ ਵਿਹਾਰਕਤਾ ਦੇ ਮੁਢਲੇ ਕਾਰਜ ਵਜੋਂ ਸ਼ਲਾਘਾਯੋਗ ਹੈ।

ਗੁਰਮਤਿ ਸੰਗੀਤ ਦੇ ਇਨ੍ਹਾਂ ਆਰੰਭਲੇ ਰਚਨਾਕਾਰਾਂ ਦੇ ਕਾਰਜ ਦੀ ਇਕ ਵਿਸ਼ੇਸ਼ਤਾ ਇਹ ਰਹੀ ਹੈ ਕਿ ਇਨ੍ਹਾਂ ਸਭ ਨੇ ਆਪਣੀ ਸ਼ਬਦ ਕੀਰਤਨ ਰਚਨਾਵਾਂ ਲਈ ਮੌਲਿਕ ਸੁਰਲਿਪੀ ਦਾ ਪ੍ਰਯੋਗ ਕੀਤਾ ਹੈ ਜੋ ਕਿ ਗੁਰਮਤਿ ਸੰਗੀਤ ਪਰੰਪਰਾ ਦੀ ਵਿਸ਼ੇਸ਼ ਪ੍ਰਾਪਤੀ ਹੈ। ਭਾਰਤੀ ਸੰਗੀਤ ਵਿਚ ਪ੍ਰਚਲਿਤ ਸੁਰਲਿਪੀ ਪੱਧਤੀ ਜਿਵੇਂ ਭਾਤਖੰਡੇ ਸੁਰਲਿਪੀ ਜਾਂ ਵਿਸ਼ਣੂ ਦਿਗੰਬਰ ਪਲੁਸਕਰ ਸੁਰਲਿਪੀ ਪੱਧਤੀ ਦਾ ਗੁਰਮਤਿ ਸੰਗੀਤ ਦੇ ਇਹਨਾਂ ਆਰੰਭਲੇ ਰਚਨਾਕਾਰਾਂ ਨੇ ਬਿਲਕੁਲ ਵੀ ਪ੍ਰਯੋਗ ਨਹੀਂ ਕੀਤਾ ਸਗੋਂ ਆਪਣੀਆਂ ਰਚਨਾਵਾਂ ਮੌਲਿਕ ਸੁਰਲਿਪੀ ਵਿਚ ਤਾਲਬੱਧ ਕੀਤੀਆਂ। ਇਹ ਕਾਰਜ ਜਿਥੇ ਗੁਰਮਤਿ ਸੰਗੀਤ ਦੇ ਖਜਾਨੇ ਨੂੰ ਅਮੀਰ ਕਰਦਾ ਹੈ ਉਥੇ ਸੰਗੀਤ ਜਗਤ ਦੇ ਖਜਾਨੇ ਲਈ ਗੁਰਮਤਿ ਸੰਗੀਤ ਦੀ ਵਿਸ਼ੇਸ਼ ਦੇਣ ਹੈ। ਗੁਰਮਤਿ ਸੰਗੀਤ ਦੇ ਇਨ੍ਹਾਂ ਆਰੰਭਲੇ ਰਚਨਾਕਾਰਾਂ ਦਾ ਕਾਰਜ ਅਗਾਮੀ ਪੀੜ੍ਹੀਆਂ ਲਈ ਇਕ ਵਿਸ਼ੇਸ਼ ਉਦਾਹਰਣ ਬਣਿਆ। ਵਿਸ਼ੇਸ਼ ਕਰਕੇ ਸੁਰਲਿਪੀ ਪਰੰਪਰਾ ਦੇ ਸੰਦਰਭ ਵਿਚ ਇਸ ਕਾਰਜ ਨੂੰ ਪਛਾਣਨ, ਪ੍ਰਚਾਰਨ ਦੀ ਜ਼ਰੂਰਤ ਹੈ।

**ਬਾਨੀ, ਪ੍ਰੋਫੈਸਰ ਤੇ ਮੁਖੀ, ਗੁਰਮਤਿ ਸੰਗੀਤ ਚੇਅਰ**
**ਗੁਰਮਤਿ ਸੰਗੀਤ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ**

ਸਿੰਘ ਦੁਆਰਾ ਕੀਤਾ ਇਹ ਕਾਰਜ ਭਾਵੇਂ ਗੁਰਮਤਿ ਸੰਗੀਤ ਸਿਧਾਂਤ ਦਾ ਅਨੁਸਰਣ ਨਹੀਂ ਕਰਦਾ ਪਰੰਤੂ ਗੁਰਮਤਿ ਸੰਗੀਤ ਪਰੰਪਰਾ ਦੇ ਮੁਢਲੇ ਕਾਰਜ ਵਜੋਂ ਇਹ ਵਿਸ਼ੇਸ਼ ਤੇ ਮਹੱਤਵਪੂਰਣ ਹੈ।

ਗੁਰਮਤਿ ਸੰਗੀਤ ਦੇ ਆਰੰਭਲੇ ਰਚਨਾਕਾਰਾਂ ਦੀ ਲੜੀ ਵਿਚ ਅਗਲਾ ਨਾਮ ਰਾਗੀ ਭਾਈ ਪ੍ਰੇਮ ਸਿੰਘ ਦਾ ਆਉਂਦਾ ਹੈ। ਮਾਸਟਰ ਸੁੰਦਰ ਸਿੰਘ ਤੋਂ ਬਾਅਦ ਰਾਗੀ ਭਾਈ ਪ੍ਰੇਮ ਸਿੰਘ ਦਾ ਗੁਰਮਤਿ ਸੰਗੀਤ ਦੀਆਂ ਸ਼ਬਦ ਕੀਰਤਨ ਰਚਨਾਵਾਂ ਦੇ ਸੰਦਰਭ ਵਿਚ ਵਿਸ਼ੇਸ਼ ਅਤੇ ਅਹਿਮ ਯੋਗਦਾਨ ਰਿਹਾ ਹੈ। 'ਗੁਰਮਤਿ ਸੰਗੀਤ ਪਰ ਹੁਣ ਤਕ ਮਿਲੀ ਖੋਜ' ਦੇ ਹਵਾਲੇ ਨਾਲ ਭਾਈ ਪ੍ਰੇਮ ਸਿੰਘ ਪਟਿਆਲਾ ਰਿਆਸਤ ਦੇ ਉਘੇ ਕਵੀ ਅਤੇ ਰਾਗੀ ਸਨ ਜਿਸ ਤੋਂ ਆਪ ਦੀ ਸੰਗੀਤ ਦੇ ਸੰਦਰਭ ਵਿਚ ਵਿਦਵਤਾ ਦਾ ਸਹਿਜੇ ਹੀ ਅਨੁਮਾਨ ਲਗਾਇਆ ਜਾ ਸਕਦਾ ਹੈ। ਸਿੱਖ ਸੰਗਤਾਂ ਵਿਚ ਭਾਈ ਪ੍ਰੇਮ ਸਿੰਘ ਨੂੰ ਰਾਗੀ ਦੀ ਪਦਵੀ ਨਾਲ ਸਤਿਕਾਰਿਆ ਜਾਂਦਾ ਰਿਹਾ ਹੈ। ਰਾਗੀ ਜੀ ਦੁਆਰਾ ਰਚਿਤ ਪੁਸਤਕ 'ਗੁਰਮਤਿ ਸੰਗੀਤ ਰਤਨ ਭੰਡਾਰ' ਗੁਰਮਤਿ ਸੰਗੀਤ ਦੀ ਸਿਧਾਂਕਤਾ ਪਖੋਂ ਅਹਿਮ ਹੈ। ਇਹ ਪੁਸਤਕ ਪਹਿਲੀ ਵਾਰ 1922 ਵਿਚ ਸਿੰਘ ਸਾਹਿਬ ਮਹਾਰਾਜ ਸਿੰਘ ਦੇ ਸਾਹਿਬਜਾਦੇ ਬਾਬਾ ਰਘੁਵੀਰ ਸਿੰਘ ਦੇ ਉਦੱਮ ਸਦਕਾ ਗੁਰਮਤਿ ਸੰਗੀਤ ਪ੍ਰੈਸ, ਅੰਮ੍ਰਿਤਸਰ ਰਾਹੀਂ ਪ੍ਰਕਾਸ਼ਤ ਹੋਈ। ਦੂਜੀ ਵਾਰ ਆਪ ਦੀ ਇਹ ਪੁਸਤਕ ਚੀਫ਼ ਖਾਲਸਾ ਦੀਵਾਨ, ਅੰਮ੍ਰਿਤਸਰ ਦੁਆਰਾ 1958 ਵਿਚ 'ਗੁਰਮਤਿ ਸੰਗੀਤ ਪਰ ਹੁਣ ਤਕ ਮਿਲੀ ਖੋਜ' ਪੁਸਤਕ ਸੰਗ੍ਰਹਿ ਦੇ ਅੰਤਰਗਤ ਪ੍ਰਕਾਸ਼ਿਤ ਹੋਈ। 108 ਪੰਨਿਆਂ ਦੀ ਇਸ ਪੁਸਤਕ ਵਿਚ ਦਿਤੀਆਂ ਗਈਆਂ 35 ਸ਼ਬਦ ਕੀਰਤਨ ਰਚਨਾਵਾਂ ਗੁਰਮਤਿ ਸੰਗੀਤ ਦੇ ਨਿਰਧਾਰਿਤ 31 ਮੁੱਖ ਅਤੇ 4 ਰਾਗ ਪ੍ਰਕਾਰਾਂ, ਕੁਲ 35 ਰਾਗਾਂ ਅਧੀਨ ਸੁਰਲਿਪੀ ਬੱਧ ਕੀਤੀਆਂ ਗਈਆਂ ਹਨ। ਇਹ ਸੁਰਲਿਪੀ ਬੱਧ ਕਾਰਜ ਵੱਖ੍ਵੱਖ 10 ਤਾਲਾਂ ਦੇ ਅੰਤਰਗਤ ਤਾਲਬੱਧ ਕੀਤਾ ਗਿਆ ਹੈ। ਸ਼ਬਦ ਕੀਰਤਨ ਰਚਨਾਕਾਰ ਭਾਈ ਪ੍ਰੇਮ ਸਿੰਘ ਦਾ ਸੁਰਲਿਪੀ ਬੱਧ ਕਾਰਜ ਇਸ ਕਰਕੇ ਵੀ ਵਿਸ਼ੇਸ਼ ਹੈ ਕਿ ਆਪ ਦੁਆਰਾ ਰਚਿਤ ਸ਼ਬਦ ਕੀਰਤਨ ਰਚਨਾਵਾਂ ਮੌਲਿਕ ਸੁਰਲਿਪੀ ਦੇ ਅੰਤਰਗਤ ਤਾਲਬੱਧ ਕੀਤਾ ਗਿਆ ਹੈ। ਗੁਰਮਤਿ ਸੰਗੀਤ ਪਰੰਪਰਾ ਦੀ ਸਿਧਾਂਕਤਾ ਦੇ ਨਜਰੀਏ ਤੋਂ ਰਚਨਾਕਾਰ ਰਾਗੀ ਪ੍ਰੇਮ ਸਿੰਘ ਦੀ ਇਹ ਪੁਸਤਕ ਇਕ ਮੌਲਿਕ ਤੇ ਨਿਵੇਕਲੀ ਪ੍ਰਾਪਤੀ ਹੈ। ਇਸ ਵਿਚ ਗੁਰਮਤਿ ਸੰਗੀਤ ਅਤੇ ਸੰਗੀਤ ਦੇ ਬਹੁ ਪੱਖੀ ਿਵਿਸ਼ਆਂ ਨੂੰ ਪਹਿਲੀ ਵਾਰ ਛੋਹਿਆ ਗਿਆ ਹੈ। ਇਸ ਪੁਸਤਕ ਵਿਚ ਰਚਨਾਕਾਰ ਦੁਆਰਾ 22 ਤਾਲਾਂ ਬਾਰੇ, ਸੁਰਾਂ ਦੀ ਉਤਪਤੀ ਅਤੇ ਉਨ੍ਹਾਂ ਬਾਰੇ ਵਿਸ਼ੇਸ਼ ਵਿਧੀਵਤ ਭਰਪੂਰ ਜਾਣਕਾਰੀ, ਮੂਰਛਨਾ, ਗ੍ਰਾਮ, ਜਾਤੀਆਂ, ਰਾਗ-ਰਾਗਣੀਆਂ ਆਦਿ ਬਾਰੇ ਵਿਸ਼ੇਸ਼ ਜਾਣਕਾਰੀ ਦਰਜ ਕੀਤੀ ਗਈ ਹੈ। ਗੁਰਮਤਿ ਸੰਗੀਤ ਦੀ ਪਰੰਪਰਾ ਦੇ ਸੁਰਲਿਪੀ ਬੱਧ ਕਾਰਜਾਂ ਦੀ ਲੜੀ ਵਿਚ ਪੁਸਤਕ 'ਗੁਰਮਤਿ ਸੰਗੀਤ ਰਤਨ ਭੰਡਾਰ' ਨਿਰਧਾਰਤ ਰਾਗਾਂ ਦੀ ਧਾਰਾ ਦੇ ਅੰਤਰਗਤ ਰਚਿਤ ਹੈ। ਗੁਰਮਤਿ ਸੰਗੀਤ ਦੇ ਆਰੰਭਲੇ ਕਾਰਜਾਂ ਵਿਚ ਇਸ ਪੁਸਤਕ ਦਾ ਮਹੱਤਵਪੂਰਣ ਅਤੇ ਵਡਮੁੱਲਾ ਸਥਾਨ ਹੈ।

ਗੁਰਮਤਿ ਸੰਗੀਤ ਦੇ ਆਰੰਭਲੇ ਰਚਨਾਕਾਰਾਂ ਦੀ ਲੜੀ ਵਿਚ ਸ. ਰਵੇਲ ਸਿੰਘ ਕੰਵਰ ਦਾ ਨਾਮ ਵੀ ਵਿਸ਼ੇਸ਼ ਤੌਰ ਤੇ ਲਿਆ ਜਾਂਦਾ ਹੈ। ਆਪ ਵਲੋਂ ਦੋ ਪੁਸਤਕਾਂ 'ਗੁਰਮਤਿ ਸੰਗੀਤ ਦਰਸ਼ਨ' ਅਤੇ 'ਗੁਰਮਤਿ ਸੰਗੀਤ ਪ੍ਰਭਾਕਰ' ਜੋ ਕਿ 1954 ਵਿਚ ਪ੍ਰਕਾਸ਼ਿਤ ਹੋਈ, ਵਿਸ਼ੇਸ਼ ਹਨ। ਇਨ੍ਹਾਂ ਪੁਸਤਕਾਂ ਵਿਚੋਂ 'ਗੁਰਮਤਿ

**ਛੇਵਾਂ ਬੰਧ:**

ਘਿਨਾਨਗ ਤਿਟਤਿਟ ਤਿਟਤਿਟ ਘਿਨਾਨਗ, ਤਿਟਤਿਟ ਤਿਟਤਿਟ ਘਿਨਾਨਗ ਤਿਨਾਕਿਨਾ-I
ਕਿਨਾਨਕ ਤਿਟਤਿਟ ਤਿਟਤਿਟ ਕਿਨਾਨਕ, ਤਿਟਤਿਟ ਤਿਟਤਿਟ ਘਿਨਾਨਗ ਧਿਨਾਗਿਨਾ - II

**ਸੱਤਵਾ ਬੰਧ:**

ਘਿਨਾਨਗ ਤਿਟਘਿਨਾ ਨਗਤਿਟ ਘਿਨਾਨਗ, ਤਿਟਤਿਟ ਤਿਟਤਿਟ ਘਿਨਾਨਗ ਤਿਨਾ ਕਿਨਾ-I
ਕਿਨਾਨਕ ਤਿਟਕਿਨਾ ਨਕਤਿਟ ਕਿਨਾਨਕ, ਤਿਟਤਿਟ ਤਿਟਤਿਟ ਘਿਨਾਨਗ ਧਿਨਾਗਿਨਾਂ - II

**ਅੱਠਵਾਂ ਬੰਧ:**

ਤਿਟਤਿਟ ਤਿਟਤਿਟ ਘਿਨਾਨਗ ਤਿਟਤਿਟ, ਘਿਨਾਨਗ ਤਿਟਤਿਟ ਘਿਨਾਨਗ ਤੀਨਾ ਕਿਨਾ - I
ਤਿਟਤਿਟ ਤਿਟਤਿਟ ਕਿਨਾਨਕ ਤਿਟਤਿਟ, ਘਿਨਾਨਗ ਤਿਟਤਿਟ ਘਿਨਾਨਗ ਧਿਨਾ ਗਿਨਾ - II

**ਕਾਇਦੇ ਦਾ ਮੁਕਾਮ:** ( ਚਕਰਦਾਰ ਤਿਹਾਈ )

ਤਿਟਤਿਟ ਤਿਟਤਿਟ ਘਿਨਾਨਗ ਤਿਟਕਿਟ ਧਾ- ਘਿਨਾਨਗ ਤਿਟਕਿਟ ਧਾ- ਘਿਨਾਨਗ ਤਿਟਕਿਟ ਧਾ-, ਤਿਟਤਿਟ ਤਿਟਤਿਟ ਘਿਨਾਨਗ ਤਿਟਕਿਟ ਧਾ- ਘਿਨਾਨਗ ਤਿਟਕਿਟ ਧਾ- ਘਿਨਾਨਗ ਤਿਟਕਿਟ ਧਾ-, ਤਿਟਤਿਟ ਤਿਟਤਿਟ ਘਿਨਾਨਗ ਤਿਟਕਿਟ ਧਾ- ਘਿਨਾਨਗ ਤਿਟਕਿਟ ਧਾ- ਘਿਨਾਨਗ ਤਿਟਕਿਟ , ਧਾ
X

**ਨੋਟ:** ਇਹ ਕਾਇਦਾ ਮੇਰੇ ਯੂ-ਟਿਊਬ ਚੈਨਲ ਤੇ ਮੇਰੇ ਸ਼ਾਗਿਰਦ ਵਲੋ ਵਜਾਇਆ ਗਿਆ ਹੈ। ਇਸ ਦੇ ਨਿਕਾਸ ਤੇ ਹੋਰ ਜਾਣਕਾਰੀ ਲਈ ਸਿੱਖਿਆਰਥੀ ਮੈਨੂੰ ਫੋਨ ਕਰ ਸਕਦੇ ਹਨ।

**# 340, ਸੰਗੀਤ ਵਿਲਾਸ, ਬੇਦੀ ਕਲੋਨੀ , ਧਾਰੀਵਾਲ-143519**
**ਜ਼ਿਲ੍ਹਾ- ਗੁਰਦਾਸਪੁਰ ,ਪੰਜਾਬ -ਭਾਰਤ**
**ਫੋਨ: +91-98143 49658**
**Mail: harbhajansinghdhariwal@gmail.com**

# ਤਿੰਨ ਤਾਲ ਕਾਇਦਾ ਸੀਰੀਜ਼

**ਪ੍ਰੋਫ਼ੈਸਰ ਹਰਭਜਨ ਸਿੰਘ ਧਾਰੀਵਾਲ**
**(ਪੰਜਾਬ ਘਰਾਣਾ ਲਾਹੌਰ ਬਾਜ)**

ਤਬਲੇ ਦੇ ਅਰੰਭਿਕ ਵਿਦਿਆਰਥੀਆਂ ਲਈ ਤਿੰਨ ਤਾਲ ਦਾ ਬੇਸਿਕ ਕਾਇਦਾ ਅਭਿਆਸ ਲਈ ਦੇ ਰਹੇ ਹਾਂ ਜਿਸ ਦੇ ਨਿਰੰਤਰ ਅਭਿਆਸ ਨਾਲ ਸਹਿਜੇ ਹੀ ਹੱਥ ਤਿਆਰ ਅਤੇ ਤੇਜ ਹੋਣਾਂ ਸ਼ੁਰੂ ਹੋ ਜਾਂਦਾ ਹੈ। ਕਾਇਦੇ ਦਾ ਵਿਸਥਾਰ ਬੰਧਾਂ (ਪਲਟਿਆਂ) ਸਹਿਤ ਇਸ ਪ੍ਰਕਾਰ ਹੈ -

## ਕਾਇਦਾ ਨੰ: 1

ਘਿਨਾਨਗ ਤਿਟਤਿਟ, ਘਿਨਾਨਗ ਤਿਨਾ ਕਿਨਾ- I
ਕਿਨਾਨਕ ਤਿਟਤਿਟ, ਘਿਨਾਨਗ ਧਿਨਾਗਿਨਾ - II

## ਦੋਹਰਾ

ਘਿਨਾਨਗ ਤਿਟਤਿਟ ਘਿਨਾਨਗ ਤਿਟ ਤਿਟ, ਘਿਨਾਨਗ ਤਿਟਤਿਟ ਘਿਨਾਨਗ ਤਿਨਾਕਿਨਾ - I
ਕਿਨਾਨਕ ਤਿਟਤਿਟ ਕਿਨਾਨਕ ਤਿਟਤਿਟ, ਘਿਨਾਨਗ ਤਿਟਤਿਟ ਘਿਨਾਨਗ ਧਿਨਾਗਿਨਾ - II

## ਪਹਿਲਾ ਬੰਧ :

ਤਿਟਘਿਨਾ ਨਗਤਿਟ ਘਿਨਾਨਗ ਤਿਟਤਿਟ, ਘਿਨਾਨਗ ਤਿਟਤਿਟ ਘਿਨਾਨਗ ਤਿਨਾਕਿਨਾ - I
ਤਿਟਕਿਨਾ ਨਕਤਿਟ ਕਿਨਾਨਕ ਤਿਟਤਿਟ, ਘਿਨਾਨਗ ਤਿਟਤਿਟ ਘਿਨਾਨਗ ਧਿਨਾਗਿਨਾ -II

## ਦੂਜਾ ਬੰਧ:

ਤਿਟਤਿਟ ਘਿਨਾਨਗ ਤਿਟਘਿਨਾ ਨਗਤਿਟ, ਘਿਨਾਨਗ ਤਿਟਤਿਟ ਘਿਨਾਨਗ ਤਿਨਾਕਿਨਾ - Iਤਿਟਤਿਟ
ਕਿਨਾਨਕ ਤਿਟਕਿਨਾ ਨਕਤਿਟ, ਘਿਨਾਨਗ ਤਿਟਤਿਟ ਘਿਨਾਨਗ ਧਿਨਾਗਿਨਾ - II

## ਤੀਜਾ ਬੰਧ:

ਘਿਨਾਨਗ ਘਿਨਾਨਗ ਤਿਟਘਿਨਾ ਨਗਤਿਟ, ਘਿਨਾਨਗ ਤਿਟਤਿਟ ਘਿਨਾਨਗ ਤਿਨਾਕਿਨਾ - I
ਕਿਨਾਨਕ ਕਿਨਾਨਕ ਤਿਟਕਿਨਾਨਕਤਿਟ, ਘਿਨਾਨਗ ਤਿਟਤਿਟ ਘਿਨਾਨਗ ਧਿਨਾਗਿਨਾ -II

## ਚੌਥਾ ਬੰਧ:

ਤਿਟਘਿਨਾ ਨਗਤਿਟ ਤਿਟਘਿਨਾ ਨਗਤਿਟ, ਘਿਨਾਨਗ ਤਿਟਤਿਟ ਘਿਨਾਨਗ ਤਿਨਾਕਿਨਾ - I
ਤਿਟਕਿਨਾਨਕਤਿਟ ਤਿਟਕਿਨਾਨਕਤਿਟ, ਘਿਨਾਨਗ ਤਿਟਤਿਟ ਘਿਨਾਨਗ ਧਿਨਾਗਿਨਾ - II

## ਪੰਜਵਾਂ ਬੰਧ:

ਘਿਨਾਨਗ ਘਿਨਾਨਗ ਤਿਟਤਿਟ ਤਿਟਤਿਟ, ਘਿਨਾਨਗ ਤਿਟਤਿਟ ਘਿਨਾਨਗ ਤਿਨਾਕਿਨਾ - I
ਕਿਨਾਨਕ ਕਿਨਾਨਕ ਤਿਟਤਿਟ ਤਿਟਤਿਟ, ਘਿਨਾਨਗ ਤਿਟਤਿਟ ਘਿਨਾਨਗ ਧਿਨਾਗਿਨਾ - II

# ਰਾਗ ਮਾਝ

**Dr. A P Singh 'Rhythm'**

ਰਾਗ ਮਾਝਥਾਟ ਖਮਾਜ ਜਾਤੀ ਔੜਵ-ਸੰਪੂਰਨ ਵਾਦੀ-ਸੰਵਾਦੀ ਰਿਸ਼ਭ-ਪੰਚਮ ਸਮਾਂ ਦਿਨ ਦਾ ਚੌਥਾ ਪਹਿਰ ਆਰੋਹ ਸਾ ਰੇ, ਮ ਪ ਨੀ ਸਾਂ ਮੁੱਖ ਅੰਗ ਪ, ਧ ਮ ਗ ਮ, ਰੇ ਪ, ਮ ਗੁ, ਰੇ ਗੁ,ਸਾ ਰੇ ਨੀ, ਸਾ ਅਵਰੋਹ ਸਾਂ ਨੁੀ ਧ ਪ, ਧ ਮ ਗ ਮ,
ਰੇ ਪ, ਗੁ, ਰੇ ਗੁ ਸਾ ਰੇ, ਨੀਸਾ ਸੁਰ ਦੋਵੇਂ ਗੰਧਾਰ, ਦੋਵੇਂ ਨਿਸ਼ਾਦ ਹੋਰ ਸੁਰ ਸ਼ੁੱਧ, ਆਰੋਹ ਵਿੱਚ ਗੰਧਾਰ ਤੇ ਧੈਵਤ ਵਰਜਿਤ

## ਸੁਰ ਵਿਸਤਾਰ

1. ਸਾ, ਸਾ ਰੇ ਸਾ, ਨੀ ਨੀ ਸਾ, ਸਾ ਰੇ ਨੁੀ ਧ ਪ, ਨੀ ਸਾ, ਸਾ ਨੁੀ ਧ ਪ, ਧ ਮ ਪ, ਨੀ ਸਾ
2. ਸਾ ਰੇ ਮ ਪ, ਮ ਗ ਮ, ਰੇ ਪ, ਪ ਮ ਪ, ਧ ਮ ਗ ਮ, ਰੇ ਪ, ਮ ਪ ਨੁੀ ਧ ਪ, ਮ ਪ ਨੀ ਸਾਂ, ਰੇਂ ਸਾਂ, ਨੁੀ ਧ ਪ, ਧ ਮ ਗ ਮ, ਰੇ ਪ ਗੁ ਰੇ, ਪ ਗੁ ਰੇ ਗੁ ਸਾ ਰੇ ਨੀ ਸਾ
3. ਮ ਪ ਨੀ ਸਾਂ, ਨੀ ਸਾਂ ਰੇਂ ਨੀ ਸਾਂ, ਸਾਂ ਰੇਂ ਨੀ ਸਾਂ, ਰੇਂ ਮਂ ਪਂ, ਮਂ ਗਂ ਮਂ ਰੇਂ ਪਂ ਗੁਂ, ਸਾਂ ਰੇਂ ਨੀ ਸਾਂ, ਮ ਪ ਨੀ ਸਾਂ, ਸਾਂ ਗੁਂ ਰੇਂ ਗੁਂ ਸਾਂ ਰੇਂ ਨੀ ਸਾਂ, ਮ ਪ ਨੀ ਸਾਂ, ਨੁੀ ਧ ਪ, ਧ ਮ ਗ ਮ, ਰੇ ਪ, ਗੁ ਰੇ ਗੁ, ਸਾ ਰੇ ਨੀ ਸਾ ਨੁੀ ਧ ਪ, ਨੀ ਸਾ

| ਸਥਾਈ | | | | ਰਾਗ ਮਾਝ | | | ਤਲਵਾੜਾ |
|---|---|---|---|---|---|---|---|
| ਧਾ | ਤਿਟ | ਤਿੰ | ਤਿੰ | ਤਾਕੇ | ਤਿਟ | ਧਿੰ | ਧਿੰ |
| X | | | | 0 | | | |
| | | ਸਾਂਸਾਂ | ਸਾਂਸਾਂ | ਸਾਂਨੁੀ | ਨੁੀਧ | ਧਪ | ਮਰੇ |
| | | ਸਭ | ਕਿਛੁ | ਘ | ਰ | ਮਹਿ | - |
| ਪ | - | ਗੁਰੇ | ਗੁਸਾ | ਰੇ | ਸਾਨੀ | ਸਾ | - |
| - | - | ਬਾ | ਹਰਿ | ਨਾ | - | ਹੀ | - |
| - | - | ਰੇ | ਮਮ | ਰੇਮ | ਪਨੁੀ | ਧਪ | ਪ |
| - | - | ਬਾ | ਹਰਿ | ਟੋ- | -- | -ਲੈ | - |
| - | -ਧ | ਮਗ | ਮ,ਮ | ਰੇ | - | ਗੁਰੇ | ਸਾਨੀ |
| - | -ਸੋ | ਭਰ | ਮੁ,ਭੁ | ਲਾ | - | -- | -- |
| ਸਾ | - | ਰੇਰੇ | ਮਮ | ਮਪ | ਪ | - | - |
| ਈ | - | ਗੁਰ | ਪਰ | ਸਾ- | ਦੀ | - | - |
| - | ਪਪ | ਪ | ਪਪ | ਮਗ | ਮਰੇ | ਪ | - |
| - | ਜਿਨੀ | ਅੰ | ਤਰਿ | ਪਾ | -- | ਇਆ | - |
| - | -ਪ | ਮਪ | ਨੀਨੀ | ਨੀਸਾਂ | ਸਾਂ | -ਨੁੀ | ਧਪ |
| - | -ਸੋ | ਅੰ- | ਤਰਿ | ਬਾ | ਹ- | -ਰਿ | -- |
| - | -ਧ | ਮਗ | ਮ | ਰੇ | - | ਗੁਰੇ | ਸਾਨੀ |
| - | -ਸੁ | ਹੇ- | ਲਾ | ਜੀ | - | ਉ- | -- |
| ਸਾ | - | | | | | | |
| - | - | | | | | | |

| ਅੰਤਰਾ | | | | ਰਾਗ ਮਾਝ | | | ਤਲਵਾੜਾ |
|---|---|---|---|---|---|---|---|
| ਧਾ | ਤਿਟ | ਤਿੰ | ਤਿੰ | ਤਾਕੇ | ਤਿਟ | ਧਿੰ | ਧਿੰ |
| | | ਰੇ | ਮਮ | ਰੇਮ | ਪਨ਼ੀ | ਧਪ | ਪ |
| | | ਝਿਮਿ | ਝਿਮਿ | ਵ- | ਰ- | — | ਸੈ |
| - | - | ਮ | ਪਪ | ਨੀ | ਨੀਸਾਂ | - | ਸਾਂ |
| - | - | ਅੰ | ਮ੍ਰਿਤ | ਧਾ | — | - | ਰਾ |
| - | - | ਸਾਂਸਾਂ | ਸਾਂ | ਧਨ਼ੀ | | -ਧ | ਨ਼ੀਧ |
| - | - | ਮਨ | ਪੀ | ਵੈ | - | -ਸੁ | ਨਿ- |
| ਪ | - | ਰੇਮ | ਪਨ਼ੀ | ਧ | - | ਪਪ | - |
| - | - | ਸਬ | ਦੁ,ਬੀ | ਚਾ | - | -ਰਾ | - |
| - | - | ਰੇਮ | ਪਪ | ਨੀ | - | -ਸਾਂ | - |
| - | - | ਅਨ | ਦ,ਬਿ | ਨੋ | - | -ਦ | - |
| - | -ਸਾਂ | ਸਾਂ | ਸਾਂਸਾਂ | ਰੇਂਸਾਂ | ਨੀਸਾਂ | ਰੇਂ | - |
| - | -ਕ | ਰੇ | ਦਿਨ | ਰਾ- | — | ਤੀ | - |
| - | - | ਰੇਂਰੇਂ | -ਰੇਂ | ਨ਼ੀ | - | -ਧ | ਧਪ |
| - | - | ਸਦਾ | -ਸ | ਦਾ | - | -ਹ | ਰਿ- |
| - | - | ਰੇਮ | ਪਨ਼ੀ | ਧ | - | ਪ | - |
| - | - | ਕੇ- | ਲਾ- | ਜੀ | - | ਉ | - |
| - | - | ਪਪ | -ਪ | ਮਗ | ਮਰੇ | ਪਪ | ਪ |
| - | - | ਸਦਾ | -ਸ | ਦਾ- | — | -ਹ | ਰਿ |
| - | - | ਗੁਰੇ | ਗੁਸਾ | ਰੇ | ਨੀ | ਸਾ | - |
| - | - | ਕੇ- | ਲਾ- | ਜੀ | - | ਉ | - |
| - | - | | | | | | |
| - | - | | | | | | |

Department of Gurmat Sangeet
University College, Ghanaur, Patiala
arsh.rhythm@gmail.com, +918872470999

## ਸੁਰਲਿਪੀ ਵਾਲਾ ਸ਼ਬਦ ਅਤੇ ਅਰਥ

ਮਾਝ ਮਹਲਾ ੫ ॥
Maajh Mehalaa 5 ||
Majh, Fifth Guru.
ਸਭ ਕਿਛੁ ਘਰ ਮਹਿ ਬਾਹਰਿ ਨਾਹੀ ॥
Sabh Kishh Ghar Mehi Baahar Naahee ||
Everything is within the home, not even one is without.
ਬਾਹਰਿ ਟੋਲੈ ਸੋ ਭਰਮਿ ਭੁਲਾਹੀ ॥
Baahar Ttolai So Bharam Bhulaahee ||
He who seeks without is lost in doubt.
ਗੁਰਪਰਸਾਦੀ ਜਿਨੀ ਅੰਤਰਿ ਪਾਇਆ ਸੋ ਅੰਤਰਿ ਬਾਹਰਿ ਸੁਹੇਲਾ ਜੀਉ ॥੧॥
Gur Parasaadhee Jinee Anthar Paaeiaa So Anthar Baahar Suhaelaa Jeeo ||1||
By Guru's grace he who has found the Lord in his mind is comfortable within and without.
ਝਿਮਿਝਿਮਿ ਵਰਸੈ ਅੰਮ੍ਰਿਤ ਧਾਰਾ ॥
Jhim Jhim Varasai Anmrith Dhhaaraa ||
Within him the stream of Nectar uniformly rains.
ਮਨੁ ਪੀਵੈ ਸੁਨਿ ਸਬਦੁ ਬੀਚਾਰਾ ॥
Man Peevai Sun Sabadh Beechaaraa ||
The soul drinks hears and reflect upon the Name.
ਅਨਦ ਬਿਨੋਦ ਕਰੇ ਦਿਨ ਰਾਤੀ ਸਦਾ ਸਦਾ ਹਰਿ ਕੇਲਾ ਜੀਉ ॥੨॥
Anadh Binodh Karae Dhin Raathee Sadhaa Sadhaa Har Kaelaa Jeeo ||2||
It rejoices and enjoys day and night and sports with God for ever and aye.
ਜਨਮ ਜਨਮ ਕਾ ਵਿਛੁੜਿਆ ਮਿਲਿਆ ॥
Janam Janam Kaa Vishhurriaa Miliaa ||
Separated since many births, I have now met God,
ਸਾਧ ਕ੍ਰਿਪਾ ਤੇ ਸੂਕਾ ਹਰਿਆ ॥
Saadhh Kirapaa Thae Sookaa Hariaa ||
and by saint-Guru's grace, though dried up have reverdured.
ਸੁਮਤਿ ਪਾਏ ਨਾਮੁ ਧਿਆਏ ਗੁਰਮੁਖਿ ਹੋਏ ਮੇਲਾ ਜੀਉ ॥੩॥
Sumath Paaeae Naam Dhhiaaeae Guramukh Hoeae Maelaa Jeeo ||3||
Through the Guru I have obtained exquisite understanding have meditated on the Name and have met the Lord.
ਜਲ ਤਰੰਗੁ ਜਿਉ ਜਲਹਿ ਸਮਾਇਆ ॥
Jal Tharang Jio Jalehi Samaaeiaa ||
As the waves of water blend with water,
ਤਿਉ ਜੋਤੀ ਸੰਗਿ ਜੋਤਿ ਮਿਲਾਇਆ ॥
Thio Jothee Sang Joth Milaaeiaa ||
so my light is blended with the Lord's light.
ਕਹੁ ਨਾਨਕ ਭ੍ਰਮ ਕਟੇ ਕਿਵਾੜਾ ਬਹੁੜਿ ਨ ਹੋਈਐ ਜਉਲਾ ਜੀਉ ॥੪॥੧੯॥੨੬॥
Kahu Naanak Bhram Kattae Kivaarraa Bahurr N Hoeeai Joulaa Jeeo ||4||19||26||
Says Nanak, the shutters of delusion have been hewed down and there shall be no more wandering.

(ਬਾਣੀ ਗੁਰੂ ਅਰਜਨ ਦੇਵ ਜੀ (ਅੰਗ 102, ਰਾਗੁ ਮਾਝ)

RNI Regd. No. 46788/89 ISSN 0972-2335

